# 3

# ਜੋਤਸ਼ੀਆਂ ਦਾ ਆਉਣਾ

## (2:1–12)

ਮੱਤੀ 2 ਅਧਿਆਇ ਪਾਠਕ ਨੂੰ ਯਿਸੂ ਦੇ ਮੁੱਢਲੇ ਸਾਲਾਂ ਦੇ ਕੁਝ ਸੰਖੇਪ ਵੇਰਵੇ ਦਿੰਦਾ ਹੈ ਪਰ ਇੰਜੀਲ ਦੇ ਲੂਕਾ ਦੇ ਵਿਰਤਾਂਤ ਦੇ ਉਲਟ (2:1–38), ਮੱਤੀ ਯੂਸੁਫ਼ ਅਤੇ ਮਰੀਅਮ ਦੇ ਪਹਿਲਾਂ ਨਾਸਰਤ ਵਿਚ ਰਹਿਣ, ਬੈਤਲਹਮ ਵਿਚ ਯਿਸੂ ਦੇ ਜਨਮ ਦੇ ਹਾਲਾਤ, ਆਜੜੀਆਂ ਦੇ ਥਾਂਓਂ, ਯਿਸੂ ਦੀ ਸੁੰਨਤ ਜਾਂ ਪਰਿਵਾਰ ਦੇ ਯਰੂਸ਼ਲਮ ਦੀ ਹੈਕਲ ਵਿਚ ਜਾਣ ਬਾਰੇ ਕੁਝ ਨਹੀਂ ਕਹਿੰਦਾ। ਮੱਤੀ 2 ਵਿਚ ਦੱਸੇ ਜੋਤਸ਼ੀਆਂ ਦਾ ਆਉਣਾ ਉਨ੍ਹਾਂ ਘਟਨਾਵਾਂ ਦੇ ਬਾਅਦ ਹੋਇਆ ਹੋਵੇਗਾ।

ਇਸ ਅਧਿਆਇ ਵਿਚ ਕਈ ਮੁੱਖ ਵਿਸ਼ੇ ਮਿਲਦੇ ਹਨ। ਬਾਲ ਯਿਸੂ ਨੂੰ ਯਹੂਦੀਆਂ ਦੇ ਅਸਲ ਰਾਜੇ ਦੇ ਰੂਪ ਵਿਚ ਵਿਖਾਇਆ ਗਿਆ ਹੈ, ਜੋ ਸਜਦਾ ਕੀਤੇ ਜਾਣ ਦੇ ਯੋਗ ਹੈ। ਉਹ ਜ਼ਾਲਿਮ ਰਾਜੇ ਹੇਰੋਦੇਸ ਤੋਂ ਉੱਪਰ ਠਹਿਰਾਇਆ ਗਿਆ ਹੈ, ਜਿਸ ਦੀ ਮਸੀਹਾ ਨੂੰ ਖ਼ਤਮ ਕਰਨ ਦੀ ਦੁਸ਼ਟ ਚਾਲ ਖ਼ੁਦਾਈ ਦਖ਼ਲ ਨਾਲ ਨਾਕਾਮ ਕਰ ਦਿੱਤੀ ਗਈ। ਫ਼ਰਿਸ਼ਤੇ ਦੇ ਦਰਸ਼ਨ ਰਾਹੀਂ ਚਿਤਾਵਨੀਆਂ ਨਾਲ ਖ਼ੁਦਾ ਇਹ ਯਕੀਨੀ ਬਣਾਉਂਦਾ ਹੈ ਕਿ ਉਸ ਦਾ ਪੁੱਤਰ ਸੁਰੱਖਿਅਤ ਰਹੇ। ਯਿਸੂ ਦੇ ਜਨਮ ਸਥਾਨ ਬੈਤਲਹਮ ਤੋਂ ਉਸ ਦੇ ਜੱਦੀ ਸ਼ਹਿਰ ਨਾਸਰਤ ਵਿਚ ਜਾਣ ਦੀ ਇਕ ਮਹੱਤਵਪੂਰਣ ਵਿਆਖਿਆ ਵੀ ਹੈ।[1] ਥਾਂਵਾਂ ਦੇ ਇਹ ਨਾਂਅ ਅਧਿਆਇ ਲਈ ਪੋਥੀ ਦਾ ਟੀਕਾ ਦਾ ਕੰਮ ਕਰਦੇ ਹਨ (1:1, 23)। ਯਿਸੂ ਦੀ ਜ਼ਿੰਦਗੀ ਦੀਆਂ ਘੱਟਨਾਵਾਂ ਨੂੰ ਨਬੂਵਤ ਦੇ ਪੂਰਾ ਹੋਣ ਦੇ ਰੂਪ ਵਿਚ ਵੇਖਿਆ ਜਾਂਦਾ ਹੈ।

### ਯਰੂਸ਼ਲਮ ਵਿਚ ਜੋਤਸ਼ੀਆਂ ਦੀ ਆਮਦ (2:1, 2)

**[1]ਜਦ ਯਿਸੂ ਰਾਜਾ ਹੈਰੋਦੇਸ ਦੇ ਦਿਨੀਂ ਯਹੂਦੀਆ ਦੇ ਬੈਤਲਹਮ ਵਿਚ ਪੈਦਾ ਹੋਇਆ ਤਾਂ ਵੇਖੋ, ਨਜੂਮੀਆਂ ਨੇ ਚੜ੍ਹਦੇ ਪਾਸੇ ਤੋਂ ਯਰੂਸ਼ਲਮ ਵਿਚ ਆ ਕੇ ਕਿਹਾ, [2]ਜਿਹੜਾ ਯਹੂਦੀਆਂ ਦਾ ਬਾਦਸ਼ਾਹ ਪੈਦਾ ਹੋਇਆ ਹੈ ਉਹ ਕਿੱਥੇ ਹੈ? ਕਿਉਂਕਿ ਅਸਾਂ ਚੜ੍ਹਦੇ ਪਾਸੇ ਉਹਦਾ ਤਾਰਾ ਵੇਖਿਆ ਅਤੇ ਉਹਨੂੰ ਸਿਜਦਾ ਕਰਨ ਆਏ ਹਾਂ।**

**ਆਇਤ 1.** ਪਿਛਲੀ ਆਇਤ, ਮੱਤੀ 1:25, ਸੰਖੇਪ ਵਿਚ ਦੱਸਦੀ ਹੈ ਕਿ ਮਰੀਅਮ ''ਪੁੱਤਰ ਜਣੀ।'' ਆਇਤ 2 ਦੇ ਸ਼ੁਰੂ ਵਿਚ ਮੱਤੀ ਨੇ ਜੋੜਿਆ ਹੈ ਕਿ **ਯਿਸੂ ਯਹੂਦੀਆ ਦੇ ਬੈਤਲਹਮ ਵਿਚ ਪੈਦਾ ਹੋਇਆ**। ਲੂਕਾ ਨੇ ਵਿਸਤਾਰ ਨਾਲ ਦੱਸਿਆ ਹੈ ਕਿ ਯੂਸੁਫ਼ ਅਤੇ ਮਰੀਅਮ ਉੱਥੇ ਕਿਉਂ ਸਨ। ''ਸੂਰੀਆ ਦੇ ਹਾਕਿਮ ਕੁਰੇਨਿਉਸ ਦੇ ਸਮੇਂ ਵਿਚ'' ਕੈਸਰ ਅਗਸਤੁਸ ਨੇ ਮਰਦਮਸ਼ੁਮਾਰੀ ਦਾ ਹੁਕਮ ਦਿੱਤਾ ਸੀ। ਯੂਸੁਫ਼ ਦਾ ਜੱਦੀ ਸ਼ਹਿਰ ਬੈਤਹਲਮ ਸੀ, ਜਿਸ ਕਰਕੇ ਮਰਦਮਸ਼ੁਮਾਰੀ ਲਈ ਨਾਂਅ ਲਿਖਵਾਉਣ ਵਾਸਤੇ ਉਸ ਦਾ ਉੱਥੇ ਜਾਣਾ ਜ਼ਰੂਰੀ ਸੀ (ਲੂਕਾ 2:1–5)। ਬੈਤਲਹਮ ਯਰੂਸ਼ਲਮ ਤੋਂ ਦੱਖਣ ਵੱਲ ਛੇ ਕੁ ਮੀਲ ਇਕ ਛੋਟਾ ਜਿਹਾ ਕਸੱਬਤ ਹੈ। ਇਸ ਨੂੰ ਜਬੂਲੂਨ ਦੇ ਇਲਾਕੇ ਵਿਚ ਇਸੇ ਨਾਂਅ ਵਾਲੇ ਇਕ ਹੋਰ ਸ਼ਹਿਰ ਤੋਂ ਅੱਡ ਕਰਨ ਲਈ ''ਯਹੂਦੀਆ ਦਾ ਬੈਤਲਹਮ'' ਆਖਿਆ ਜਾਂਦਾ ਹੈ (ਯਹੋਸ਼ੁਆ 19:15, 16)। ''ਯਹੂਦੀਆ'' ਨਾਂਅ ਸ਼ਾਇਦ ਯਹੂਦਾਹ ਦੇ ਸ਼ਾਹੀ ਕਬੀਲੇ ਉੱਤੇ ਜ਼ੋਰ ਦੇਣ ਲਈ

ਵਰਤਿਆ ਜਾਂਦਾ ਹੈ (ਉਤਪਤ 49:10)।

''ਬੈਤਲਹਮ'' ਦਾ ਅਰਥ ਹੈ ''ਰੋਟੀ ਦਾ ਘਰ'' ਜੋ ਉਸ ਇਲਾਕੇ ਦੀ ਉਪਜਾਊ ਜ਼ਮੀਨ ਹੋਣ ਕਰਕੇ ਰੱਖਿਆ ਗਿਆ ਹੋ ਸਕਦਾ ਹੈ। 1500 ਈ. ਪੂ. ਪੁਰਾਣੀ ਵਿਰਾਸਤ ਵਾਲਾ ਸ਼ਹਿਰ ਬੈਤਲਹਮ, ਦਾਊਦ ਬਾਦਸ਼ਾਹ ਦਾ ਜਨਮ ਸਥਾਨ ਸੀ (1 ਸਮੂਏਲ 17:12–15)। ਇਸੇ ਥਾਂ ਦੇ ਨੇੜੇ ਆਪਣੇ ਛੋਟੇ ਪੁੱਤਰ ਬਿਨਿਆਮੀਨ ਨੂੰ ਜਨਮ ਦੇਣ ਵੇਲੇ ਰਾਖੇਲ ਦੀ ਮੌਤ ਹੋ ਗਈ ਸੀ (ਉਤਪਤ 35:16–20; 48:7)। ਬੈਤਲਹਮ ਉਹ ਥਾਂ ਵੀ ਸੀ ਜਿੱਥੇ ਬੋਅਜ਼ ਰੂਥ ਨਾਮਕ ਮੋਆਬਣ ਔਰਤ ਨੂੰ ਮਿਲਿਆ ਸੀ, ਜਿਸ ਨਾਲ ਬਾਅਦ ਵਿਚ ਉਸ ਨੇ ਵਿਆਹ ਕਰ ਲਿਆ (ਰੂਥ 1:1, 22; 2:4; 4:13)। ਸੁਲੇਮਾਨ ਦੇ ਪੁੱਤਰ ਰਹਬੁਆਮ ਨੇ ਆਪਣੀ ਹਕੂਮਤ ਦੌਰਾਨ ਇਸ ਸ਼ਹਿਰ ਦੀ ਕਿਲ੍ਹੇਬੰਦੀ ਕਰ ਦਿੱਤੀ (2 ਇਤਿਹਾਸ 11:6)। ਕੁਝ ਯਹੂਦੀ ਲੋਕ ਬਾਬੁਲ ਦੇ ਦੇਸ਼ ਨਿਕਾਲੇ ਤੋਂ ਉੱਥੇ ਹੀ ਵਾਪਸ ਆਏ ਸਨ (ਅਜ਼ਰਾ 2:21; ਨਹਮਯਾਹ 7:26)।

325 ਵਿਚ ਕੌਂਸਟੈਂਨਟਾਈਨ ਬਾਦਸ਼ਾਹ ਨੇ ਇੱਥੇ ਇਕ ਗੁਫ਼ਾ ਦੇ ਉੱਤੇ ਇਕ ਗਿਰਜ਼ਾਘਰ ਬਣਵਾਇਆ ਜਿਸ ਨੂੰ ਉਸ ਦੀ ਮਾਂ, ਰਾਣੀ ਹੇਲੇਨਾ ਮਸੀਹ ਦਾ ਜਨਮ ਸਥਾਨ ਮੰਨਦੀ ਸੀ।[2] (ਪੁਰਾਣੇ ਜ਼ਮਾਨੇ ਵਿਚ ਗੁਫ਼ਾਵਾਂ ਦੀ ਵਰਤੋਂ ਅਸਤਬਲਾਂ ਦੇ ਰੂਪ ਵਿਚ ਕੀਤੀ ਜਾਂਦੀ ਸੀ।) ਇਹ ਰੀਤ ਜਸਟਿਨ ਮਾਰਟਿਰ (ਲਗਭਗ 100–ਲਗਭਗ 165) ਦੇ ਜ਼ਮਾਨੇ ਦੀ ਹੈ।[3] ਇਹ ਮੰਨਦੇ ਹੋਏ ਕਿ ਇਹ ਨਿਰੀ ਇਕ ਰੀਤ ਹੈ, ਜੈਕ. ਪੀ. ਲੂਈਸ ਨੇ ਉਸ ਦੇ ਜਨਮ ਦਾ ਮੌਜੂਦਾ ਮੰਦਰ, ''ਵਧੇਰੇ ਪ੍ਰਮਾਣਿਕ ਪਵਿੱਤਰ ਸਥਾਨਾਂ ਵਿੱਚੋਂ ਇਕ'' ਆਖਿਆ।[4] ਪਰ ਪਛਾਣ ਪੱਕੀ ਨਹੀਂ ਹੈ।

ਮਸੀਹ ਦਾ ਜਨਮ **ਹੇਰੋਦੇਸ** ਮਹਾਨ ਦੀ ਹਕੂਮਤ ਦੌਰਾਨ ਹੋਇਆ। ਹੇਰੋਦੇਸ ਅੰਤੀਪਤਰਸ ਨਾਮਕ ਇਕ ਅਦੋਮੀ ਦਾ ਪੁੱਤਰ ਸੀ, ਜਿਸਨੂੰ ਜੂਲੀਅਸ ਸੀਜ਼ਰ ਨੇ ਯਹੂਦੀਆ ਦਾ ਹਾਕਮ ਠਹਿਰਾਇਆ ਸੀ। ਉਸ ਦੀ ਮਾਂ, ਸਿਪਰੋਸ, ਫ਼ਲਿਸਤੀਨ ਦੇ ਦੱਖਣ ਪੂਰਵੀ ਰਾਜ ਦੀ ਨਬਾਤੀ ਅਰਬੀ ਔਰਤ ਸੀ। ਅੰਤੀਪਤਰਸ ਨੇ 47 ਈ. ਪੂ. ਵਿਚ ਗਲੀਲ ਦੇ ਪੂਰੇ ਜਾਂ ਚੌਥੇ ਹਿੱਸੇ ਦੇ ਹਾਕਿਮ ਦੇ ਰੂਪ ਵਿਚ ਹੇਰੋਦੇਸ ਨੂੰ ਠਹਿਰਾਉਣ ਲਈ ਕੈਸਰ ਉੱਤੇ ਜ਼ੋਰ ਪਾਇਆ। ਪਾਰਥੀਆਂ ਦੇ ਫ਼ਲਿਸਤੀਨ ਉੱਤੇ ਹਮਲਾ ਕਰਨ ਵੇਲੇ ਹੇਰੋਦੇਸ ਮਿਸਰ ਵਿਚ ਨੱਸ ਗਿਆ। ਬਾਅਦ ਵਿਚ ਉਹ ਰੋਮ ਵਿਚ ਚਲਿਆ ਗਿਆ ਜਿੱਥੇ ਮਾਰਕ ਐਂਟਨੀ ਦੇ ਪ੍ਰਭਾਵ ਨਾਲ 40 ਈ. ਪੂ. ਵਿਚ ਉਸ ਨੂੰ ਯਹੂਦੀਆਂ ਦਾ ਰਾਜਾ ਐਲਾਨ ਦਿੱਤਾ ਗਿਆ। ਰੋਮੀ ਸਰਕਾਰ ਦੀ ਮਦਦ ਨਾਲ ਉਸ ਨੇ ਫ਼ਲਿਸਤੀਨ ਉੱਤੇ ਹਮਲਾ ਕਰ ਦਿੱਤਾ। ਲੜਾਈ ਦੇ ਕੁਝ ਸਾਲਾਂ ਬਾਅਦ ਉਸ ਨੇ 37 ਈ. ਪੂ. ਵਿਚ ਪਾਰਥੀਆਂ ਨੂੰ ਕੱਢ ਕੇ ਆਪਣਾ ਰਾਜ ਕਾਇਮ ਕਰ ਲਿਆ। ਉਸੇ ਸਾਲ ਕੈਸਰ ਅਗਸਤੁਸ ਨੇ ਫ਼ਲਿਸਤੀਨ ਦੇ ਲਗਭਗ ਸਾਰੇ ਹਿੱਸਿਆਂ ਨੂੰ ਘੇਰਦੇ ਹੋਏ ਹੇਰੋਦੇਸ ਦੇ ਇਲਾਕੇ ਨੂੰ ਵਧਾ ਦਿੱਤਾ।[5] ਉਸ ਦੀ ਹਕੂਮਤ ਜੋ 37 ਈ. ਪੂ. ਤੋਂ ਲਗਭਗ 4 ਈ. ਪੂ. ਤਕ ਚੱਲੀ, ਭਵਨ ਨਿਰਮਾਣ ਦੇ ਵੱਡੇ ਪ੍ਰੋਗਰਾਮਾਂ, ਸਿਆਸੀ ਸਾਜ਼ਿਸ਼ਾਂ, ਕਤਲਾਂ ਅਤੇ ਜ਼ੁਲਮ ਕਰਕੇ ਮਸ਼ਹੂਰ ਹੈ। ਇਹ ਸਮਝਣਾ ਅਸਾਨ ਹੈ ਕਿ ਇਹ ਸਨਕੀ ਬਾਦਸ਼ਾਹ ਆਪਣੀ ਗੱਦੀ ਦੇ ਕਿਸੇ ਵੀ ਸੰਭਾਵਿਤ ਦੁਸ਼ਮਣ ਤੋਂ ਕਿਉਂ ਡਰਦਾ ਹੋਵੇਗਾ ਅਤੇ ਉਸ ਨੇ ਕਿਸੇ ਵੀ ਤਰ੍ਹਾਂ ਦੇ ਮੁਕਾਬਲੇ ਨੂੰ ਹੋਣ ਤੋਂ ਰੋਕਣ ਲਈ ਸਖ਼ਤ ਇੰਤਜ਼ਾਮ ਕਿਉਂ ਕੀਤੇ। ਆਰ. ਵੀ. ਜੀ. ਟਾਸਕਰ ਨੇ ਪੰਡਿਤਾਂ ਦੇ ਆਉਣ ਤੇ ਹੇਰੋਦੇਸ ਰਾਜੇ ਦੀ ਪ੍ਰਤੀਕਿਰਿਆ ਲਿਖੀ ਹੈ, ''ਜਿਸ ਤੋਂ ਉਹ ਬੜਾ ਪਰੇਸ਼ਾਨ ਹੋਇਆ ਹੋਵੇਗਾ, ਕਿਉਂਕਿ ਧੀਰਜ ਨਾਲ ਉਸ ਬਦਮਿਜ਼ਾਜ ਤਾਨਾਸ਼ਾਹ ਦੇ ਧਿਆਨ ਵਿਚ ਦੁਨੀਆਂ ਦੀ ਆਖ਼ਰੀ ਗੱਲ ਯਹੂਦੀਆਂ ਵਿਚ ਵਿਰੋਧੀ ਰਾਜੇ ਦਾ ਹੋਣਾ ਹੀ ਸੀ।''[6]

ਬਾਲ ਯਿਸੂ ਨੂੰ ਸਿਜਦਾ ਕਰਨ **ਪੂਰਬ ਤੋਂ** ਆਏ **ਜੋਤਸ਼ੀਆਂ** ਦੇ ਆਲੇ ਦੁਆਲੇ ਕਈ ਸਵਾਲ ਘੁੰਮਦੇ ਹਨ। ਭਲਾ ਉਹ ''ਪੰਡਤ'' ਭਾਵ ਗਿਆਨੀ, ''ਜੋਤਸ਼ੀ'' ''ਜਾਦੂਗਰ'' ਸਨ ਜਾਂ ''ਰਾਜੇ''? ਭਲਾ ਉਹ ਯਹੂਦੀ ਸਨ ਜਾਂ ਗੈਰਕੌਮ? ਉਹ ਕਿੰਨੇ ਜਣੇ ਸਨ? ਖ਼ਾਸਕਰ ਉਹ ਕਿਸ ਇਲਾਕੇ ਤੋਂ ਆਏ

ਸਨ? ਮਸੀਹ ਦੀ ਆਪਣੀ ਖੋਜ ਵਿਚ ਉਹ ਯਰੂਸ਼ਲਮ ਕਦੋਂ ਪਹੁੰਚੇ ਸਨ?

*ਉਨ੍ਹਾਂ ਦੀ ਪਛਾਣ।* ਅੰਗ੍ਰੇਜ਼ੀ ਸ਼ਬਦ (*magi*) ਯੂਨਾਨੀ ਭਾਸ਼ਾ ਦੇ ਸ਼ਬਦ ਦਾ ਬਦਲਵਾਂ ਰੂਪ ਹੈ ਜਿਸ ਦਾ ਅਨੁਵਾਦ ''ਪੰਡਿਤ'' (KJV) ''ਜੋਤਸ਼ੀ'' (NEV) ਅਤੇ ''ਤਾਰਿਆਂ ਦਾ ਅਧਿਐਨ ਕਰਨ ਵਾਲੇ'' (TEV) ਹੋਇਆ ਹੈ। ਯੂਨਾਨੀ ਸ਼ਬਦ ਦੇ ਸਬੰਧ ਵਿਚ, ਲਿਓਨ ਮੌਰਿਸ ਨੇ ਲਿਖਿਆ ਹੈ:

> *[Magos]* ਤੋਂ ਭਾਵ ਮੂਲ ਵਿਚ ਮੇਗੋਈ ਦੇ ਗੋਤਰ ਦਾ ਹੋਣਾ ਲਗਦਾ ਹੈ; ਬਾਅਦ ਵਿਚ ਇਸ ਦੀ ਵਰਤੋਂ ਜਾਦੂ ਕਰਨ ਵਾਲਿਆਂ ਦੀ ਪਵਿੱਤਰ ਜਾਤੀ ਦੇ ਹੋਣ ਲਈ ਹੋਣ ਲੱਗੀ ਅਤੇ ਫੇਰ ਇਸ ਦੀ ਵਰਤੋਂ ਆਮ ਅਰਥ ਵਿਚ, ਟੂਣਿਆਂ ਲਈ ਹੋਣ ਲਗ ਪਈ (ਰਸੂਲਾਂ ਦੇ ਕੰਮ 13:6, 8)। ਜਾਦੂ ਲਈ ਅੰਗ੍ਰੇਜ਼ੀ ਸ਼ਬਦ ''*magic*'' ਇਸੇ ਸ਼ਬਦ ਤੋਂ ਨਿੱਕਲਿਆ ਹੈ।[7]

ਯਿਸੂ ਦੇ ਦਰਸ਼ਣ ਨੂੰ ਆਏ ਜੋਤਸ਼ੀਆਂ ਲਈ ਮੇਗਾਈ ਸ਼ਬਦ ਮਾਦੀ ਲੋਕਾਂ ਵਿਚ ਪੁਰੋਹਿਤਾਂ ਦੀ ਜਾਤੀ (ਯਾਜਕੀ ਵਰਗ) ਹੋ ਸਕਦਾ ਹੈ, ਪਰ ''magi'' ਸ਼ਬਦ ਹੋਰ ਪੂਰਵੀ ਫ਼ਲਸਫ਼ਿਆਂ ਲਈ ਵੀ ਵਰਤਿਆ ਜਾਣ ਲੱਗਾ। ਮੇਗਾਈ ਨੂੰ ਖਗੋਲ ਵਿਗਿਆਨ, ਜੋਤਸ਼ ਵਿੱਦਿਆ ਅਤੇ ਮਹੂਰਤ ਕੱਢਣ ਨਾਲ ਵੀ ਜੋੜਿਆ ਜਾਂਦਾ ਹੈ। ਹੇਰੋਦੋਤਸ ਨੇ ਜੋਤਸ਼ੀਆਂ ਨੂੰ ਮਾਦੀਆਂ ਦੇ ਗੋਤਰ ਵਿੱਚੋਂ ਦੱਸਿਆ, ਫ਼ਾਰਸੀ ਸੰਸਕਾਰਾਂ ਦੇ ਸਬੰਧ ਵਿਚ ਵੀ ਉਨ੍ਹਾਂ ਦਾ ਜ਼ਿਕਰ ਕੀਤਾ।[8] ਅਜਿਹਾ ਫ਼ਿਰਕਾ ਸੀ ਅਤੇ ਉਸ ਨੇ ਭਵਿੱਖ ਦੇ ''ਪੰਡਿਤਾਂ'' ਨੂੰ ਪ੍ਰਭਾਵਿਤ ਕੀਤਾ ਜਾਂ ਨਹੀਂ, ਇਹ ਸਾਬਤ ਕਰਨ ਦਾ ਆਖ਼ਰੀ ਤੌਰ ਤੇ ਸਾਡੇ ਕੋਲ ਕੋਈ ਸਬੂਤ ਨਹੀਂ ਹੈ ਕਿ ਮੱਤੀ ਵੱਲੋਂ ਦੱਸੇ ਗਏ ਇਹ ਲੋਕ ਅਸਲ ਵਿਚ ਕੌਣ ਸਨ।

ਪਰ ਇਹ ਕਹਿਣਾ ਸੁਰੱਖਿਅਤ ਹੈ ਕਿ ਉਹ ਜੋਤਸ਼ੀ ਰਾਜੇ ਨਹੀਂ ਸਨ। ਹੇਰੋਦੋਤਸ ਦੇ ਅਨੁਸਾਰ ਜੋਤਸ਼ੀਆਂ ਦੇ ਇਕ ਕਬੀਲੇ ਨੇ ਫ਼ਾਰਸੀਆਂ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ;[9] ਪਰ ਉਨ੍ਹਾਂ ਦੀ ਕੋਸ਼ਿਸ਼ ਨਾਕਾਮ ਰਹਿਣ ਤੇ ਉਨ੍ਹਾਂ ਨੇ ਕਿਸੇ ਤਰ੍ਹਾਂ ਦੀ ਸਿਆਸੀ ਤਾਂਘ ਬੰਦ ਕਰ ਦਿੱਤੀ। ਉਹ ਫ਼ਾਰਸੀ ਰਾਜਿਆਂ ਦੇ ਅਧਿਆਤਮਕ ਆਗੂ ਅਤੇ ਸਲਾਹਕਾਰ ਬਣ ਗਏ। ਇਹ ਵਿਚਾਰ ਕਿ ਉਹ ਰਾਜੇ ਸਨ, ਟਰਟੂਲੀਅਨ ਜਿੰਨਾ ਹੀ ਪੁਰਾਣਾ ਹੈ (ਦੂਜੀ ਸਦੀ ਦੇ ਅਖ਼ੀਰ)[10] ਜੋ ਬਾਈਬਲ ਦੇ ਕੁਝ ਹਵਾਲਿਆਂ ਨੂੰ ਗਲਤ ਸਮਝਣ ਦਾ ਕਾਰਣ ਹੈ (ਜਿਵੇਂ ਯਸਾਯਾਹ 60:3–11; ਜ਼ਬੂਰ 68:29; 72:10, 11, 15; ਪ੍ਰਕਾਸ਼ ਦੀ ਪੋਥੀ 21:24)। ਵੱਡੇ ਦਿਨ ਦੇ ਇਕ ਮਸ਼ਹੂਰ ਗੀਤ ਦੀ ਲਾਈਨ ਦੇ ਸਬੰਧ ਵਿਚ, ਵਿਲੀਅਮ ਹੈਂਡ੍ਰਿਕਸਨ ਨੇ ਟਿੱਪਣੀ ਕੀਤੀ ਹੈ ਕਿ '' 'ਹਮ ਤੀਨ ਰਾਜਾ ਮਸ਼ਰਿਕ ਕੇ ਹੈਂ' ਵੱਡੇ ਦਿਨ ਦੀਆਂ ਰਵਾਇਤੀ ਕਹਾਣੀਆਂ ਦੇ ਉਸੇ ਵਿਸ਼ਾਲ ਸੰਗ੍ਰਿਹ ਨਾਲ ਸਬੰਧਿਤ ਹੈ ਜਿਸ ਵਿਚ 'ਛੋਟਾ ਯਿਸੂ ਖ਼ੁਦਾਵੰਦ ਕਭੀ ਰੋਤਾ ਨਾ ਥਾ' ਵੀ ਹੈ।''[11]

*ਉਨ੍ਹਾਂ ਦਾ ਮੂਲ।* ਇਨ੍ਹਾਂ ਲੋਕਾਂ ਦੇ ਆਉਣ ਦਾ ਥਾਂ ਵੀ ਓਨਾਂ ਹੀ ਰਹੱਸ ਭਰਿਆ ਹੈ ਜਿੰਨਾ ਇਹ ਕਿ ਉਹ ਕੌਣ ਸਨ। ''ਪੂਰਬ ਤੋਂ'' ਵਾਕਅੰਸ਼ ਉਪਸਰਗੀ ਵਾਕਅੰਸ਼ ਅਨਿਸ਼ਚਿਤ ਹੈ। ਯੂਨਾਨੀ ਸ਼ਬਦ ਦਾ ਹੋਰ ਸ਼ਬਦੀ ਅਨੁਵਾਦ ''ਜਿੱਧਰੋਂ ਸੂਰਜ ਚੜ੍ਹਦਾ ਹੈ'' ਹੋ ਸਕਦਾ ਹੈ, ਜਿਸ ਤੋਂ ਭਾਵ ਏਸ਼ੀਆ ਵੱਲੋਂ ਹੋ ਸਕਦਾ ਹੈ। ਐਚ. ਲਿਓਨ ਬੋਲਸ ਨੇ ਲਿਖਿਆ ਹੈ ਕਿ ''ਪੂਰਬ'' ਤੋਂ ਭਾਵ ਜਾਂ ਤਾਂ ਅਰਬ, ਫ਼ਾਰਸ, ਕਸਦ ਜਾਂ ਪਾਰਥ, ਜਾਂ ਫ਼ਲਿਸਤੀਨ ਦੇ ਆਲੇ ਦੁਆਲੇ ਦੇ ਇਲਾਕੇ ਹੋ ਸਕਦੇ ਹਨ।[12] ਕਲੀਸੀਆ ਦੇ ਘੱਟੋ ਘੱਟ ਇਕ ਮੁੱਢਲੇ ਲੇਖਕ ਜਸਟਿਨ ਮਾਰਟਿਰ (ਲਗਭਗ 100–ਲਗਭਗ 165) ਨੇ ਦਾਅਵਾ ਕੀਤਾ ਹੈ ਕਿ ਇਹ ਜੋਤਸ਼ੀ ਜਾਂ ਪੰਡਤ ਅਰਬ ਤੋਂ ਆਏ ਸਨ।[13] ਸਿਕੰਦਰੀਆ ਦੇ ਕਲੇਮੈਂਟ (ਲਗਭਗ 150–ਲਗਭਗ 215) ਅਤੇ ਕ੍ਰਿਸੋਸਟੋਮ (ਲਗਭਗ 347–407) ਵਰਗੇ ਹੋਰ ਕਈ ਬੰਦਿਆਂ ਨੇ ਕਿਹਾ ਹੈ ਕਿ ਉਹ ਫ਼ਾਰਸ ਤੋਂ ਆਏ ਸਨ।[14]

*ਉਨ੍ਹਾਂ ਦੀ ਮਜ਼੍ਹਬੀ ਪਛਾਣ।* ਇਨ੍ਹਾਂ ਜੋਤਸ਼ੀਆਂ ਨੂੰ ਰਵਾਇਤੀ ਤੌਰ ਤੇ ਗੈਰਕੌਮਾਂ ਵਿਚ ਮੰਨਿਆ ਜਾਂਦਾ

ਹੈ।[15] ਡਗਲਸ ਆਰ. ਏ. ਹੇਅਰ ਨੇ ਲਿਖਿਆ ਹੈ, ''ਜਿੱਥੋਂ ਤਕ ਉਨ੍ਹਾਂ ਦੇ ਮੂਲ ਅਤੇ ਕਾਰੋਬਾਰ ਦੀ ਗੱਲ ਹੈ, ਉਨ੍ਹਾਂ ਦੇ ਸਵਾਲ ਤੋਂ ਇਹ ਸੁਝਾਅ ਮਿਲਦਾ ਹੈ ਕਿ ਉਹ ਗੈਰਕੌਮ ਸਨ, ਜਿਨ੍ਹਾਂ ਨੂੰ ਦੱਸਿਆ ਗਿਆ ਹੋਵੇਗਾ ਕਿ ਦਾਊਦ ਦੇ ਨਗਰ ਵਿਚ ਦਾਊਦ ਦਾ ਵੱਡਾ ਉੱਤਰਾਧਿਕਾਰੀ ਪੈਦਾ ਹੋਣ ਵਾਲਾ ਹੈ।''[16] ਜੇ ਇਹ ਗੱਲ ਹੈ ਤਾਂ ਮੱਤੀ ਨੇ ਸਭ ਕੌਮਾਂ ਲਈ ਮਸੀਹ ਦੇ ਮਿਸ਼ਨ ਦੇ ਵਿਸ਼ੇ ਨੂੰ ਵਧਾਉਣ ਲਈ ਇਸ ਕਹਾਣੀ ਦੀ ਵਰਤੋਂ ਕੀਤੀ ਹੋਵੇਗੀ (1:3 ਤੇ ਟਿੱਪਣੀਆਂ ਵੇਖੋ)।

ਤਾਂ ਵੀ ਇਹ ਪੱਕਾ ਨਹੀਂ ਹੈ ਕਿ ਦਰਸ਼ਨ ਲਈ ਆਉਣ ਵਾਲੇ ਲੋਕ ਗੈਰਕੌਮ ਹੀ ਸਨ। ''ਜੋਤਸ਼ੀ'' ਲਈ ਅਗ੍ਰੇਜ਼ੀ ਸ਼ਬਦ ਮੇਗਾਈ, ਭਾਵੇਂ ਬਾਅਦ ਦੇ ਸਮਿਆਂ ਵਿਚ ਜਾਦੂ ਅਤੇ ਧੋਖਾ ਦੇਣ ਨਾਲ ਜੁੜ ਗਿਆ ਪਰ ਇਸ ਦੀ ਵਰਤੋਂ ਜ਼ਿਆਦਾਤਰ ਰਾਜਿਆਂ ਦੇ ਸਲਾਹਕਾਰਾਂ ਦੇ ਤੌਰ ਤੇ ਕੰਮ ਕਰਨ ਵਾਲਿਆਂ ਨੂੰ ਵਰਣਨ ਲਈ ਕੀਤੀ ਜਾਂਦੀ ਸੀ। ਯਹੂਦੀ ਦਾਨੀਏਲ ਬਾਬੁਲ ਵਿਚ ਅਜਿਹੇ ਹੀ ਅਨਾਮੀ ਬੰਦਿਆਂ ਵਿੱਚੋਂ ਸੀ (ਵੇਖੋ ਦਾਨੀਏਲ 2:1–12, 27, 48, 49; LXX)। ਇਹ ਤੱਥ ਕਿ ਉਹ ਜੋਤਸ਼ੀ ਪੂਰਬ ਤੋਂ ਆਏ ਸਨ, ਇਹ ਸਾਬਤ ਨਹੀਂ ਕਰਦਾ ਕਿ ਉਹ ਗੈਰਕੌਮ ਸਨ, ਕਿਉਂਕਿ 8ਵੀਂ ਤੋਂ 6ਵੀਂ ਸਦੀ ਈ. ਪੂ. ਵਿਚ ਯਹੂਦੀ ਲੋਕ ਬਾਹਰ ਦੇ ਦੇਸ਼ਾਂ ਵਿਚ ਫੈਲੇ ਹੋਏ ਸਨ। ਕਈਆਂ ਨੂੰ ''ਮਾਦੀਆਂ ਦੇ ਸ਼ਹਿਰਾਂ'' ਅੱਸ਼ੂਰ ਅਤੇ ਬਾਬੁਲ ਵਿਚ ਲਿਜਾਇਆ ਗਿਆ ਸੀ (2 ਰਾਜਿਆਂ 17:6; 24:15; ਅਸਤਰ 1:1; 9:2)। ਪੈਂਟੀਕਾਸਟ ਵਾਲੇ ਦਿਨ ਮੌਜੂਦ ਲੋਕਾਂ ਵਿੱਚੋਂ ਕਈ ਜ਼ਾਹਿਰ ਤੌਰ ਤੇ ਰਸੂਲਾਂ ਦੇ ਕੰਮ 2:5), ''ਪਾਰਥੀ ਅਰ ਮੇਦੀ ਅਰ ਇਲਾਮੀ ਅਤੇ ਮਸੋਪੋਤਾਮੀਆ'' ਦੇ ਰਹਿਣ ਵਾਲੇ ਯਹੂਦੀ ਹੀ ਸਨ (ਰਸੂਲਾਂ ਦੇ ਕੰਮ 2:9)। ਇਨ੍ਹਾਂ ਸਭ ਇਲਾਕਿਆਂ ਨੂੰ ਪੂਰਬੀ ਇਲਾਕੇ ਕਿਹਾ ਜਾ ਸਕਦਾ ਹੈ।

*ਉਨ੍ਹਾਂ ਦੀ ਗਿਣਤੀ।* ਉਨ੍ਹਾਂ ਜੋਤਸ਼ੀਆਂ ਦੀ ਪੂਰੀ ਪੂਰੀ ਗਿਣਤੀ ਕਿੰਨੀ ਸੀ? ਤਿੰਨ ਤੋਹਫ਼ਿਆਂ (2:11) ਤੋਂ ਇਹ ਮੰਨ ਲਿਆ ਗਿਆ ਹੈ ਕਿ ਉਹ ਸਿਰਫ਼ ਤਿੰਨ ਜਣੇ ਹੀ ਸਨ।[17] ਇੱਥੋਂ ਤਕ ਕਿ ਉਨ੍ਹਾਂ ਨੂੰ ਮੈਲਚੋਰ, ਬਲਤਸਰ ਅਤੇ ਗਾਸਪਰ ਤਿੰਨ ਨਾਂਅ ਤਕ ਦੇ ਦਿੱਤੇ ਗਏ ਜੋ 6ਵੀਂ ਸਦੀ ਦੀ ਯੂਨਾਨੀ ਕਿਤਾਬ ਵਿਚ ਵੀ ਮਿਲ ਸਕਦੇ ਹਨ।[18] ਉਨ੍ਹਾਂ ਜੋਤਸ਼ੀਆਂ ਦੀ ਗਿਣਤੀ ਦੀ ਕੋਈ ਅਹਿਮੀਅਤ ਨਹੀਂ ਹੈ, ਬਲਕਿ ਉਸ ਕਾਰਣ ਦੀ ਅਹਿਮੀਅਤ ਹੈ ਜਿਹਦੇ ਲਈ ਉਹ ਆਏ ਸਨ। ਉਹ ਨਵੇਂ ਰਾਜੇ ਨੂੰ ਸਿਜਦਾ ਕਰਨ ਆਏ ਸਨ।

*ਉਨ੍ਹਾਂ ਦੀ ਆਮਦ।* ਫ਼ਲਿਸਤੀਨ ਵਿਚ ਆਉਣ ਤੇ ਉਹ ਜੋਤਸ਼ੀ **ਯਰੂਸ਼ਲਮ** ਵਿਚ ਗਏ। ਡੋਨਲਡ ਐਚ. ਹੈਗਨਰ ਨੇ ਟਿੱਪਣੀ ਕੀਤੀ ਹੈ:

> ਸਾਫ਼ ਹੈ ਕਿ ਪ੍ਰਧਾਨ ਜਾਜਕਾਂ ਅਤੇ ਗ੍ਰੰਥੀਆਂ ਵੱਲੋਂ ਦੁਹਰਾਈਆਂ ਗਈਆਂ ਮੀਕਾ ਦੀਆਂ ਆਇਤਾਂ ਤੋਂ ਅਨਜਾਣ ਉਨ੍ਹਾਂ ਜੋਤਸ਼ੀਆਂ ਦੀ ਸੁਭਾਵਕ ਮਾਨਤਾ ਇਹੀ ਸੀ ਕਿ ਨਵਾਂ ਰਾਜਾ ਰਾਜਧਾਨੀ ਸ਼ਹਿਰ ਵਿਚ ਪੈਦਾ ਹੋਇਆ ਹੋਵੇਗਾ। ਇਸ ਕਰਕੇ ਉਹ ''ਯਰੂਸ਼ਲਮ ਵਿਚ'' ... ਜਾਂਦੇ ਰਹੇ ਸਨ। ਉਨ੍ਹਾਂ ਦੇ ਇਰਾਦੇ ਦਾ ਪਤਾ ਲਗ ਜਾਣ ਤੇ (ਆਇਤ 7) ਉਹ ਹੇਰੋਦੇਸ ਕੋਲ ਨਹੀਂ ਜਾਂਦੇ ਬਲਕਿ ਉਹ ਉਨ੍ਹਾਂ ਨੂੰ ਸੱਦਦਾ ਹੈ (ਆਇਤ 3)।[19]

ਜੋਤਸ਼ੀ ਬੈਤਹਲਮ ਵਿਚ ਕਦੋਂ ਪਹੁੰਚੇ? ਆਮ ਤੌਰ ਤੇ ਅਸੀਂ ਚਰਨੀ ਵਿਚ ਬਾਲਕ ਯਿਸੂ ਦੇ ਲੇਟੇ ਹੋਣ ਅਤੇ ਉਸ ਦੇ ਮਾਤਾ ਪਿਤਾ ਨੂੰ ਪਿਆਰ ਨਾਲ ਉਸ ਨੂੰ ਸੰਭਾਲਦੇ ਹੋਏ ਇਕ ਦ੍ਰਿਸ਼ ਵੇਖਦੇ ਹਾਂ। ਉਹਦੇ ਵੱਲ ਤਕਣ ਵਾਲੇ ਜਾਨਵਰ, ਚਰਵਾਹੇ ਅਤੇ ''ਤਿੰਨ ਜੋਤਸ਼ੀ'' ਹਨ। ਇਸ ਤਰ੍ਹਾਂ ਨਹੀਂ ਸੀ। ਬੈਤਲਹਮ ਵਿਚ ਯਿਸੂ ਦੇ ਜਨਮ ਵੇਲੇ ਕਈ ਮਹੀਨੇ, ਸ਼ਾਇਦ ਸਾਲ ਜਾਂ ਇਸ ਤੋਂ ਵੀ ਵੱਧ ਦੇਰ ਬਾਅਦ (ਲੂਕਾ 2:1–20) ਜੋਤਸ਼ੀਆਂ ਦੀ ਆਮਦ ਹੁੰਦੀ ਹੈ। ਮੱਤੀ ਲਿਖਦਾ ਹੈ ਕਿ ਜੋਤਸ਼ੀਆਂ ਨੂੰ ਉਸ ਦੇ ਮਿਲਣ ਵੇਲੇ ਇਹ ਪਰਿਵਾਰ ਇਕ ''ਘਰ'' ਵਿਚ ਰਹਿੰਦਾ ਸੀ (2:11)।

**ਆਇਤ 2.** ਯਰੂਸ਼ਲਮ ਵਿਚ ਪਹੁੰਚਦਿਆਂ ਹੀ ਜੋਤਸ਼ੀ ਯਿਸੂ ਬਾਰੇ ਪੁੱਛਣ ਲਗ ਪਏ। ਉਹ ਪੁੱਛ ਰਹੇ ਸਨ, **''ਜਿਹੜਾ ਯਹੂਦੀਆਂ ਦਾ ਬਾਦਸ਼ਾਹ ਪੈਦਾ ਹੋਇਆ ਹੈ ਉਹ ਕਿੱਥੇ ਹੈ?''** 2:1 ਦੇ ਅਖ਼ੀਰ ਵਿਚ ''ਕਿਹਾ'' ਸ਼ਬਦ ਵਰਤਮਾਨ ਕ੍ਰਿਦੰਤ ਹੈ ਜੋ ਲਗਾਤਾਰ ਕਿਰਿਆ ਦਾ ਸੁਝਾਅ ਦਿੰਦਾ ਹੈ। ਉਨ੍ਹਾਂ ਨੇ ਇੱਕੋ ਵਾਰ ਨਹੀਂ ਪੁੱਛਿਆ ਬਲਕਿ ਬਾਰ ਬਾਰ ਇਹ ਸਵਾਲ ਪੁੱਛਿਆ। ਉਨ੍ਹਾਂ ਨੂੰ ਕਿਵੇਂ ਪਤਾ ਸੀ ਕਿ ਇਹੀ ਸਵਾਲ ਪੁੱਛਣਾ ਹੈ? ਜ਼ਾਹਿਰ ਹੈ ਕਿ ਉਨ੍ਹਾਂ ਨੂੰ ਤਾਰਿਆਂ ਦੀ ਨਬੂਵਤ ਦਾ ਇਲਮ ਸੀ (ਗਿਣਤੀ 24:17), ਪਰ ਮਸੀਹਾ ਦੇ ਜਨਮ ਦੇ ਸਥਾਨ ਦੀ ਭਵਿੱਖਬਾਣੀ ਦੀ ਜਾਣਕਾਰੀ ਨਹੀਂ ਸੀ (ਮੀਕਾ 5:2)। ਮੁੱਢਲੇ ਰੋਮੀ ਲੇਖਕਾਂ ਦਾ ਇਤਿਹਾਸਕ ਸਬੂਤ ਉਸ ਸਮੇਂ ਦੀ ਉਮੀਦ ਦੀ ਤਸਦੀਕ ਕਰਦਾ ਹੈ ਕਿ ਇਕ ਯਹੂਦੀ ਹਾਕਮ ਛੇਤੀ ਹੀ ਆਉਣ ਵਾਲਾ ਸੀ। ਇਸ ਨਬੂਵਤ ਦੀ ਪਹਿਲਾਂ ਤੋਂ ਸੂਚਨਾ ਵਿਚ ਇਕ ਮਹਾਨ ਰਾਜੇ ਦੇ ਪੂਰੀ ਦੁਨੀਆਂ ਉੱਤੇ ਹਕੂਮਤ ਦਾ ਸੰਕੇਤ ਸੀ।[20] ਲੂਈਸ ਨੇ ਲਿਖਿਆ ਹੈ, '' 'ਯਹੂਦੀਆਂ ਦੇ ਰਾਜੇ ਦੇ ਜਨਮ' ਦਾ ਜੋਤਸ਼ੀਆਂ ਦਾ ਸਵਾਲ'' (ਤੁਲਣਾ 27:11) ਹੇਰੋਦੇਸ ਨਾਲੋਂ ਫ਼ਰਕ ਦਾ ਸੁਝਾਅ ਦਿੰਦਾ ਹੈ, ਜਿਸ ਨੇ ਵਿਰੋਧੀਆਂ ਦੇ ਖ਼ਾਤਮੇ ਲਈ, ਸਾਜ਼ਿਸ਼, ਜੁਗਤ ਅਤੇ ਤਲਵਾਰ ਦੀ ਤਾਕਤ ਨਾਲ ਮਹਿਲ ਉੱਤੇ ਹਮਲਾ ਕਰ ਦਿੱਤਾ।[21]

ਇਸ ਨਵੇਂ ਜੰਮੇ ਰਾਜੇ ਬਾਰੇ ਪੁੱਛਦੇ ਹੋਏ ਇਹ ਜੋਤਸ਼ੀ ਦੱਸ ਰਹੇ ਸਨ, **''ਕਿਉਂਕਿ ਅਸਾਂ ਚੜ੍ਹਦੇ ਪਾਸੇ ਉਹਦਾ ਤਾਰਾ ਵੇਖਿਆ।''** ਕੁਝ ਅਨੁਵਾਦਾਂ ਵਿਚ ''ਚੜ੍ਹਦੇ ਪਾਸੇ'' ਦੀ ਬਜਾਇ ''ਚੜ੍ਹਦੇ ਹੋਏ'' ਜਾਂ ਕੁਝ ਅਜਿਹਾ ਕਿਹਾ ਗਿਆ ਹੈ। ਡਬਲਯੂ. ਐਫ਼. ਅਲਬ੍ਰਾਈਟ ਅਤੇ ਸੀ. ਐਸ. ਮੰਨ ਦੇ ਅਨੁਸਾਰ, ਜੋ ਸਾਨੂੰ ਲਗਦਾ ਹੈ ਉਹ ਜੋਤਸ਼ੀਆਂ ਵੱਲੋਂ ਸ਼ੁਰੂ ਵਿਚ ਵੇਖੀ ਗਈ ਤਕਨੀਕੀ ਗੱਲ ਹੈ। ... ਪੂਰਵ–ਸਾਹਿਤ ਵਿਚ ਯੂਨਾਨੀ ਸ਼ਬਦ *[anatolē]* ਦਾ ਅਰਥ ਸੂਰਜ ਅਤੇ ਹੋਰ ਤਾਰਿਆਂ ਦੇ ਚੜ੍ਹਨ ਦੇ ਸਬੰਧ ਵਿਚ ਹੈ।[22] ਹੈਗਨਰ ਨੇ ਧਿਆਨ ਦੁਆਇਆ ਹੈ, ''ਆਮ ਤੌਰ ਤੇ ਮੰਨਿਆ ਜਾਂਦਾ ਸੀ ਕਿ ਮਹਾਪੁਰਖਾਂ ਦੇ ਜਨਮ (ਅਤੇ ਮੌਤ) ਦਾ ਸੰਦੇਸ਼ ਕਿਸੇ ਤਾਰੇ ਦੇ ਨਜ਼ਰ ਆਉਣ ਜਾਂ ਕਿਸੇ ਅਜਿਹੀ ਅਕਾਸ਼ੀ ਘਟਨਾ ਨਾਲ ਦਿੱਤਾ ਜਾਂਦਾ ਸੀ। ... ਮੇਲ ਖਾਂਦੀਆਂ ਗੱਲਾਂ ... ਤੋਂ ਪਤਾ ਲਗਦਾ ਹੈ ਕਿ ਮੱਤੀ ਦਾ ਵਿਰਤਾਂਤ ਉਸ ਦੀ ਉਮਰ ਨਾਲੋਂ ਉਸ ਦੇ ਯੁਗ ਲਈ ਓਨਾ ਬਾਹਰੀ ਨਹੀਂ ਸੀ ਜਿੰਨਾਂ ਸਾਡੇ ਯੁਗ ਲਈ ਹੈ।''[23]

ਮੱਤੀ ਵੱਲੋਂ ਭਾਵੇਂ ਗਿਣਤੀ 24:17 ਨਹੀਂ ਦੁਹਰਾਇਆ ਗਿਆ ਪਰ ਜੋਤਸ਼ੀਆਂ ਵੱਲੋਂ ਵੇਖਿਆ ਗਿਆ ''ਤਾਰਾ'' ਆਮ ਤੌਰ ਤੇ ਉਸ ਲਿਖਤ ਵਿਚ ਬਿਲਆਮ ਦੀ ਨਬੂਵਤ ਦਾ ਪੂਰਾ ਹੋਣਾ ਮੰਨਿਆ ਜਾਂਦਾ ਹੈ ਕਿ ''ਯਾਕੂਬ ਤੋਂ ਇਕ ਤਾਰਾ ਚੜ੍ਹੇਗਾ ਅਤੇ ਇਸਰਾਏਲ ਤੋਂ ਇਕ ਆਸਾ ਉੱਠੇਗਾ।'' ਯਹੂਦੀਆਂ[24] ਅਤੇ ਮਸੀਹੀ ਲੋਕਾਂ ਵੱਲੋਂ ਇਸ ਦੀ ਵਿਆਖਿਆ ਮਸੀਹਾ ਦੀ ਨਬੂਵਤ ਦੇ ਰੂਪ ਵਿਚ ਹੀ ਕੀਤੀ ਜਾਂਦੀ ਹੈ।[25] ਜੋਤਸ਼ੀਆਂ ਨੂੰ ਗਿਣਤੀ 24:17 ਵਿਚ ਦੱਸੇ ਗਏ ਪੁਰਾਣੇ ਨੇਮ ਦੀ ਤਾਰੇ ਦੀ ਭਵਿੱਖਵਾਣੀ ਦਾ ਕਿਵੇਂ ਪਤਾ ਲੱਗਾ। ਅਸਲ ਵਿਚ ਉਹ ਮਸੀਹਾ ਦੀ ਉਡੀਕ ਕਰਦੇ ਹੋਏ ਕਿਉਂ ਲੱਗੇ? ਨਾਲੇ ਉਹ ਨਵੇਂ ਜੰਮੇ ਰਾਜੇ ਨੂੰ ''ਸਿਜਦਾ'' ਕਰਨ ਲਈ ਐਨੀ ਦੂਰ ਤੋਂ ਕਿਉਂ ਆਏ? ਭਲਾ ਉਹ ਯਹੂਦੀ ਮੁਰੀਦ ਸਨ? ਭਲਾ ਉਹ ਗੈਰਕੌਮ ਦੀ ਵਿਸ਼ਵਾਸ ਕਰਨ ਵਾਲੀ ਉਸ ਜਮਾਤ ਵਿੱਚੋਂ ਸਨ ਜਿਸ ਨੂੰ ''ਖ਼ੁਦਾ ਦਾ ਭੈਅ ਮੰਨਣ ਵਾਲੇ'' ਆਖਿਆ ਜਾਂਦਾ ਸੀ? ਭਲਾ ਅਸੀਂ ਪੂਰੀ ਤਰ੍ਹਾਂ ਨਾਲ ਇਸ ਸੰਭਾਵਨਾ ਨੂੰ ਨਕਾਰ ਸਕਦੇ ਹਾਂ ਕਿ ਉਹ ਯਹੂਦੀ ਸਨ ਜਿਨ੍ਹਾਂ ਨੇ ਦਾਨੀਏਲ ਵਰਗੀਆਂ ਭੂਮਿਕਾਵਾਂ ਨਿਭਾਈਆਂ? ਇਨ੍ਹਾਂ ਸਵਾਲਾਂ ਦਾ ਜਵਾਬ ਸ਼ਾਇਦ ਕਦੇ ਨਾ ਮਿਲੇ। ਬਾਈਬਲ ਦੇ ਅੰਦਰੂਨੀ ਸਬੂਤ ਦੇ ਪੱਕਾ ਨਾ ਹੋਣ ਤੇ ਬਾਹਰੀ ਸਬੂਤ ਤੇ ਅਧਾਰਿਤ ਕੋਈ ਨਿਚੋੜ ਕੱਢਣਾ ਕਿੰਨਾ ਖ਼ਤਰਨਾਕ ਹੈ।

ਅਸੀਂ ਵਿਖਾਈ ਦੇਣ ਵਾਲੇ ਉਸ ਤਾਰੇ ਦੀ ਵਿਆਖਿਆ ਕਿਵੇਂ ਕਰੀਏ? ਜੋਹਨਸ ਕੈਪਲਰ ਨਾਮਕ ਇਕ ਮਸ਼ਹੂਰ ਖਗੋਲਵਿਗਿਆਨੀ (1571–1630) ਨੇ 1603 ਅਤੇ 1604 ਵਿਚ ਸ਼ਨੀ ਅਤੇ ਬ੍ਰਹਸਪਤੀ ਗ੍ਰਹਾਂ ਨੂੰ ਮਿਲਦੇ ਵੇਖਿਆ ਅਤੇ ਉਸ ਦੇ ਇਕ ਸਾਲ ਬਾਅਦ ਮੰਗਲ ਨੂੰ। ਇਹ ਘਟਨਾ ਅੱਠ ਸੌ ਸਾਲਾਂ ਵਿਚ ਇੱਕੋ ਵਾਰ ਵਾਪਰਦੀ ਹੈ। ਕੈਪਲਰ ਨੇ ਲਿਖਿਆ ਕਿ ਇਹ ਹੋਣ ਤੇ ਬ੍ਰਹਸਪਤੀ

ਅਤੇ ਸ਼ਨੀ ਦੇ ਵਿਚਕਾਰ ਇਕ ਚਮਕੀਲਾ ਤਾਰਾ ਨਜ਼ਰ ਆਇਆ ਸੀ। ਉਸ ਨੇ ਜੋ ਕੁਝ ਉਸ ਨੂੰ ਪਤਾ ਲੱਗਾ ਉਸ ਤੋਂ ਇਕ ਸਿੱਖਿਆ ਬਣਾਈ ਕਿ ਇਹੀ ਗੱਲ ਮਸੀਹ ਦੇ ਜਨਮ ਦੇ ਨੇੜੇ ਹੋਈ ਅਤੇ ਉਨ੍ਹਾਂ ਪੰਡਤਾਂ ਨੇ ਇਹੀ ਤਾਰਾ ਵੇਖਿਆ ਸੀ।

ਇਕ ਹੋਰ ਖਗੋਲਵਿਗਿਆਨੀ ਕਾਰਲ ਬਿਸਲਰ (1813–1883), ਨੇ ਤਰਕ ਦਿੱਤਾ ਕਿ ਚੀਨੀ ਲੋਕਾਂ ਦੀਆਂ ਖਗੋਲੀ ਤਾਲਿਕਾਵਾਂ ਵਿਚ ਅਸਲ ਵਿਚ ਮਸੀਹ ਦੇ ਜਨਮ ਦੇ ਸਮੇਂ ਦੇ ਨੇੜੇ ਤੇੜੇ ਇਕ ਨਵੇਂ ਤਾਰੇ ਦੇ ਵਿਖਾਈ ਦੇਣ ਦੀ ਗੱਲ ਹੈ। ਹਾਲ ਹੀ ਵਿਚ ਪੋਲਿਨ ਹੰਪ੍ਰੇਜ ਨੇ ਵੀ ਚੀਨੀ ਕਿਤਾਬਾਂ ਵਿੱਚੋਂ ਤਰਕ ਦਿੱਤਾ ਹੈ ਕਿ 5 ਈ. ਪੂ. ਵਿਚ ਇਕ ਪੂਛਲ ਤਾਰਾ ਨਜ਼ਰ ਆਇਆ ਸੀ ਜਿਹੜਾ ਸੱਤਰ ਦਿਨਾਂ ਦੌਰਾਨ ਦਿਸਦਾ ਰਿਹਾ, ਜੋ ਕਿ ਜੋਤਸ਼ੀਆਂ ਦੇ ਪੂਰਬ ਤੋਂ ਬੈਤਲਹਮ ਨੂੰ ਜਾਣ ਦਾ ਤਰਕਸੰਗਤ ਸਮਾਂ ਹੈ।[26]

ਅਜਿਹੇ ਲੋਕ ਵੀ ਹਨ ਜਿਹੜੇ ਆਖਦੇ ਹਨ ਕਿ ਹੇਲੀ ਦਾ ਪੂਛਲ ਤਾਰਾ ਲਗਭਗ 11 ਈ. ਪੂ. ਵਿਚ ਨਜ਼ਰ ਆਇਆ ਅਤੇ ਪੂਰੇ ਅਸਮਾਨ ਵਿਚ ਵਿਖਾਈ ਦਿੱਤਾ ਹੋਵੇਗਾ। ਹੋਰ ਇਸ ਵਿਚਾਰ ਨੂੰ ਮੰਨ ਲੈਂਦੇ ਹਨ ਕਿ ਇਕ ਟੁੱਟਿਆ ਤਾਰਾ ਉਸ ਘਰ ਦੇ ਉੱਪਰ ਅਰਾਮ ਲਈ ਠਹਿਰ ਗਿਆ ਸੀ ਜਿੱਥੇ ਜੋਤਸ਼ੀਆਂ ਨੂੰ ਯਿਸੂ ਮਿਲਿਆ ਸੀ। ਵਿਲੀਅਮ ਬਾਰਕਲੇ ਨੇ ''ਇਕ ਅਜੀਬ ਅਕਾਸ਼ੀ ਘਟਨਾ'' ਲਿਖਿਆ ਹੈ ਜੋ 5 ਤੋਂ 2 ਈ. ਪੂ. ਵਿਚ ਵਾਪਰੀ। ''ਮੇਸੋਰੀ'' ਨਾਮਕ ਮਿਸਰੀ ਮਹੀਨੇ ਦੇ ਪਹਿਲੇ ਦਿਨ ਜਿਸ ਦਾ ਅਰਥ ''ਰਾਜਕੁਮਾਰ ਦਾ ਦਿਨ'' ਹੈ, ਲੁਬਦਕ ਤਾਰਾ ਧਰੂ ''ਸੂਰਜ ਦੇ ਨੇੜੇ, ਭਾਵ ਸੂਰਜ ਨਿੱਕਲਣ ਵੇਲੇ ਨਿੱਕਲਿਆ ਅਤੇ ਜ਼ਬਰਦਸਤ ਚਮਕ ਨਾਲ ਚਮਕਿਆ।''[27] ਜੌਨ ਮੈਕਾਰਥਰ, ਜੁਨੀਅਰ ਦਾ ਅੰਦਾਜ਼ਾ ਸੀ ਕਿ ਇਹ ਪ੍ਰਭੂ ਦਾ ਤੇਜ ਹੋ ਸਕਦਾ ਹੈ। ਉਹੀ ਤੇਜ ਜਿਹੜਾ ਫ਼ਰਿਸ਼ਤਿਆਂ ਵੱਲੋਂ ਆਜੜੀਆਂ ਕੋਲ ਯਿਸੂ ਦੇ ਜਨਮ ਦਾ ਐਲਾਨ ਕੀਤੇ ਜਾਣ ਵੇਲੇ ਆਲੇ ਦੁਆਲੇ ਚਮਕਿਆ ਸੀ (ਲੂਕਾ 2:9), ਪਰ ਉਸ ਨੇ ਜੋੜਿਆ ਕਿ ''ਬਾਈਬਲ ਤਾਰੇ ਦੀ ਪਛਾਣ ਨਹੀਂ ਦੱਸਦੀ ਜਾਂ ਉਸ ਦੀ ਵਿਆਖਿਆ ਨਹੀਂ ਕਰਦੀ, ਇਸ ਕਰਕੇ ਅਸੀਂ ਜ਼ਿੱਦ ਨਹੀਂ ਕਰ ਸਕਦੇ।''[28]

ਪੂਰਬ ਤੋਂ ਆਉਣ ਵਾਲੇ ਪੰਡਤਾਂ ਦਾ ਮਕਸਦ ਮਸੀਹ ਨੂੰ **ਮੱਥਾ ਟੇਕਦਾ** ਸੀ। ''ਮੱਥਾ ਟੇਕਣ'' ਲਈ ਯੂਨਾਨੀ ਸ਼ਬਦ (*proskuneō*) ਮੱਤੀ ਵਿਚ 13 ਵਾਰ ਆਉਂਦਾ ਹੈ (2:2, 8, 11; 4:9, 10; 8:2; 9:18; 14:33; 15:25; 18:26; 20:20; 28:9, 17)। ''ਚੁੰਮਣ'' ਵੱਲ ਅਰਥ ਵਾਲੇ ਸ਼ਬਦਾਂ ਤੋਂ ਲਿਆ ਹੋਣ ਕਰਕੇ *proskuneō* ਸ਼ਬਦ ''ਕਿਸੇ ਦੇ ਲੋਕਾਂ ਅੱਗੇ ਝੁਕ ਕੇ ਉਨ੍ਹਾਂ ਦੇ ਪੈਰ ਜਾਂ ਉਨ੍ਹਾਂ ਦੇ ਲਿਬਾਸ ਦਾ ਪੱਲਾ, ਜ਼ਮੀਨ ਆਦਿ ਨੂੰ ਚੁੰਮਣ ਦੀ ਰੀਤ'' ਦਾ ਸੰਕੇਤ ਹੈ। ਇਸ ਤੋਂ ਭਾਵ ਕਿਸੇ ਅੱਗੇ ''ਸਨਮਾਨ, ਸ਼ਰਧਾ, ਭਗਤੀ'' ਕਰਨਾ ਹੈ।[29] ਇਸ ਦਾ ਮਤਲਬ ਜ਼ਰੂਰੀ ਨਹੀਂ ਹੈ ਕਿ ਧਾਰਮਿਕ ਬੰਦਗੀ ਹੀ ਹੋਵੇ। ਇਹ ਤੱਥ ਕਿ ਜੋਤਸ਼ੀ ਇਕ ਰਾਜੇ ਦੀ ਭਾਲ ਵਿਚ ਆਏ ਸਨ, ਇਸ ਗੱਲ ਦਾ ਸੰਕੇਤ ਹੈ ਕਿ ਉਹ ਸਿਆਸੀ ਸਨਮਾਨ ਦੇਣਾ ਚਾਹੁੰਦੇ ਸਨ। ਪਰ ਇਸ ਬੱਚੇ ਦੀ ਪਛਾਣ ਬਾਰੇ ਉਨ੍ਹਾਂ ਦੀ ਜਾਗਰੂਕਤਾ ਕਰਕੇ ਅਸੀਂ ਰੂਹਾਨੀ ਬੰਦਗੀ ਦੀ ਗੱਲ ਨੂੰ ਨਕਾਰ ਨਹੀਂ ਸਕਦੇ। ਵਚਨ ਇਸ ਵਿਚਾਰ ਦੀ ਹਮਾਇਤ ਕਰਦਾ ਹੋਇਆ ਲਗਦਾ ਹੈ।

## ਹੇਰੋਦੇਸ ਦਾ ਧਾਰਮਿਕ ਆਗੂਆਂ ਨੂੰ ਸੱਦਣਾ (2:3-6)

**3ਇਹ ਗੱਲ ਸੁਣ ਕੇ ਰਾਜਾ ਹੈਰੋਦੇਸ ਸਾਰੇ ਯਰੂਸ਼ਲਮ ਸਣੇ ਘਬਰਾਇਆ। 4ਅਤੇ ਉਸ ਨੇ ਸਾਰੇ ਪ੍ਰਧਾਨ ਯਾਜਕਾਂ ਅਤੇ ਕੌਮ ਦੇ ਗ੍ਰੰਥੀਆਂ ਨੂੰ ਇਕੱਠੇ ਕਰ ਕੇ ਉਨ੍ਹਾਂ ਨੂੰ ਪੁੱਛਿਆ ਕਿ ਮਸੀਹ ਕਿੱਥੇ ਪੈਦਾ ਹੋਵੇਗਾ? 5ਉਨ੍ਹਾਂ ਨੇ ਉਸ ਨੂੰ ਕਿਹਾ, ਯਹੂਦੀਆ ਦੇ ਬੈਤਲਹਮ ਵਿਚ ਕਿਉਂਕਿ ਨਬੀ ਦੇ ਰਾਹੀਂ ਇਵੇਂ ਲਿਖਿਆ ਹੋਇਆ ਹੈ ਕਿ:**

**[6]ਹੇ ਬੈਤਲਹਮ ਯਹੂਦਾਹ ਦੇਸ ਦੇ,**
**ਤੂੰ ਯਹੂਦਾਹ ਦੇ ਹਾਕਮਾਂ ਵਿੱਚੋਂ ਕਿਸੇ ਤਰ੍ਹਾਂ ਛੋਟਾ ਨਹੀਂ ਹੈਂ,**
**ਕਿਉਂ ਜੋ ਤੇਰੇ ਵਿੱਚੋਂ ਇਕ ਹਾਕਮ ਨਿੱਕਲੇਗਾ,**
**ਜਿਹੜਾ ਮੇਰੀ ਪਰਜਾ ਇਸਰਾਏਲ ਦੀ ਪਾਲਣਾ ਕਰੇਗਾ।**

**ਆਇਤ 3.** ਜੋਤਸ਼ੀਆਂ ਦੇ ਮੂੰਹੋਂ ''ਯਹੂਦੀਆਂ ਦਾ ਰਾਜਾ'' ਸੁਣ ਕੇ **ਹੇਰੋਦੇਸ ਘਬਰਾਇਆ।** ਉਸ ਤੋਂ ਇਹ ਸਮਝਣਾ ਮੁਸ਼ਕਿਲ ਨਹੀਂ ਹੈ ਕਿ ਉਹ ਕਿਉਂ ਡਰਿਆ ਹੋਵੇਗਾ। ਉਸ ਨੇ ਸੱਤਾ ਆਪਣੇ ਕੋਲ ਰੱਖੀ ਸੀ ਅਤੇ ਆਪਣੇ ਰਾਜ ਵਿਚ ਸ਼ਾਂਤੀ ਸਿਰਫ਼ ਸਖ਼ਤੀ ਨਾਲ ਕਾਇਮ ਰੱਖੀ ਸੀ। ਉਸ ਦੇ ਕਈ ਦੁਸ਼ਮਣ ਸਨ, ਖ਼ਾਸ ਕਰਕੇ ਯਹੂਦੀਆਂ ਵਿੱਚੋਂ ਜਿਨ੍ਹਾਂ ਉੱਤੇ ਉਹ ਹਕੂਮਤ ਕਰਦਾ ਸੀ। ਕਿਸੇ ਸੰਭਾਵਿਤ ਵਿਰੋਧੀ ਮੁਕਾਬਲੇ ਤੇ ਆਉਣ ਦੇ ਵਿਚਾਰ ਨਾਲ ਵੀ ਉਸ ਦੀ ਈਰਖਾ ਅਤੇ ਡਰ ਵੱਧ ਜਾਂਦਾ ਸੀ।

ਸੁਝਾਅ ਦਿੱਤਾ ਗਿਆ ਹੈ ਕਿ ਹੇਰੋਦੇਸ ਦੇ ਨਾਲ ਉਨ੍ਹਾਂ ਦੀ ਦੋਸਤੀ ਕਰਕੇ **ਹੇਰੋਦੇਸ ਸਾਰੇ ਯਰੂਸ਼ਲਮ ਸਣੇ ''ਘਬਰਾਇਆ।''** ਇਹ ਸੱਚ ਹੈ ਕਿ ਯਰੂਸ਼ਲਮ ਦੇ ਕੁਝ ਲੋਕ ਇੰਤਜ਼ਾਮ ਵਿਚ ਬਦਲਾਅ ਦੇ ਪੱਖ ਵਿਚ ਨਹੀਂ ਹੋਣਗੇ, ਪਰ ਜ਼ਿਆਦਾਤਰ ਲੋਕ ਅਖ਼ੀਰ ਵਿਚ ਇਸ ਦੇ ਬਦਲਣ ਦੀ ਉਮੀਦ ਲਾਈ ਬੈਠੇ ਸਨ। ਲੋਕਾਂ ਵਿਚ ਇਹ ਚਿੰਤਾ ਉਨ੍ਹਾਂ ਦੀ ਪਰੇਸ਼ਾਨੀ ਜਾਂ ਡਰ ਦੇ ਕਾਰਣ ਹੋਵੇਗੀ ਕਿ ਯਹੂਦੀ ਰਾਜੇ ਦੀ ਖ਼ਬਰ ਸੁਣ ਕੇ ਹੇਰੋਦੇਸ ਦੀ ਕੀ ਪ੍ਰਤੀਕਿਰਿਆ ਹੋਵੇਗੀ। ਉਨ੍ਹਾਂ ਨੇ ਪਹਿਲਾਂ ਉਸ ਦੇ ਜ਼ੁਲਮ ਦੀਆਂ ਕਈ ਘਟਨਾਵਾਂ ਵੇਖੀਆਂ ਸਨ ਅਤੇ ਜੇ ਹੇਰੋਦੇਸ ਨੂੰ ਯਕੀਨ ਹੋ ਜਾਂਦਾ ਕਿ ਉਸ ਦੀ ਹਕੂਮਤ ਨੂੰ ਖ਼ਤਰਾ ਹੈ, ਤਾਂ ਉਨ੍ਹਾਂ ਦਾ ਡਰ ਵਾਜਿਬ ਸੀ। ਮੈਕਾਰਥਰ ਨੇ ਲਿਖਿਆ ਹੈ,

> ਇਹ ਵੱਧ ਸੰਭਾਵਨਾ ਹੈ ... ਕਿ ਲੋਕਾਂ ਦੀ ਫ਼ਿਕਰ ਸਿੱਧੇ ਤੌਰ ਤੇ ਜੋਤਸ਼ੀਆਂ ਦੀ ਨਹੀਂ ਬਲਕਿ ਉਨ੍ਹਾਂ ਉੱਤੇ ਹੇਰੋਦੇਸ ਦੀ ਪ੍ਰਤੀਕਿਰਿਆ ਸੀ। ਹੇਰੋਦੇਸ ਦੇ ਵਿਰੋਧ ਦੇ ਕੌੜੇ ਤਜਰਬੇ ਦਾ ਮਤਲਬ ਉਨ੍ਹਾਂ ਨੂੰ ਪਤਾ ਸੀ ਕਿ ਆਮ ਤੌਰ ਤੇ ਵਹਿਸ਼ੀ ਕਤਲੇਆਮ ਹੀ ਹੋਵੇਗਾ। ਉਸ ਨੂੰ ਆਪਣੇ ਵੈਰੀਆਂ ਨੂੰ ਤਾੜਨ ਵਿਚ ਕੋਈ ਦਿੱਕਤ ਨਹੀਂ ਸੀ। ਉਸ ਨੂੰ ਨੁਕਸਾਨ ਪਹੁੰਚਾਉਣ ਜਾਂ ਉਸ ਦੀ ਗੱਦੀ ਜਾਂ ਸੱਤਾ ਲਈ ਖ਼ਤਰੇ ਦੀ ਭਣਕ ਨੂੰ ਵੀ ਖ਼ਤਰਾ ਹੀ ਮੰਨਿਆ ਜਾਂਦਾ ਸੀ। ਆਪਣੇ ਵੱਡੇ ਕਤਲੇਆਮ ਵਿਚ ਉਸ ਨੇ ਆਮ ਤੌਰ ਤੇ ਬਿਲਕੁਲ ਬੇਦੋਸ਼ੇ ਲੋਕਾਂ ਨੂੰ ਮਾਰ ਮੁਕਾਇਆ ਸੀ। ਲੋਕਾਂ ਵਿਚ ਆਪਣੀ ਸੁਰੱਖਿਆ ਦਾ ਡਰ ਬੈਠ ਗਿਆ ਸੀ।[30]

ਮੌਰਿਸ ਨੇ ਕਿਹਾ ਹੈ, ''ਹੇਰੋਦੇਸ ਮਹਾਨ ਕੰਬਿਆ, ਤਾਂ ਸਾਰਾ ਸ਼ਹਿਰ ਕੰਬ ਗਿਆ।''[31]

**ਆਇਤ 4.** ਹੇਰੋਦੇਸ ਭਾਵੇਂ ਧਾਰਮਿਕ ਬੰਦਾ ਨਹੀਂ ਸੀ, ਪਰ ਉਹ ਯਹੂਦੀ ਧਰਮ ਪੁਸਤਕ ਅਤੇ ਰੀਤਾਂ ਤੋਂ ਚੰਗੀ ਤਰ੍ਹਾਂ ਵਾਕਫ਼ ਮੰਨਿਆ ਜਾਂਦਾ ਸੀ। ਮਸੀਹਾ ਦੇ ਆਉਣ ਨਾਲ ਸਬੰਧਿਤ ਨਬੂਵਤਾਂ ਦੀ ਜਾਣਕਾਰੀ ਉਸ ਨੂੰ ਸੀ। ਖ਼ਾਸ ਤੌਰ ਤੇ ਉਹ ਮੀਕਾ ਦੀ ਨਬੂਵਤ ਤੋਂ ਜਾਣੂ ਨਹੀਂ ਸੀ (2:6)। ਉਸ ਨੂੰ ਨਹੀਂ ਪਤਾ ਸੀ ਕਿ **ਮਸੀਹ ਕਿੱਥੇ ਪੈਦਾ ਹੋਵੇਗਾ,** ਜਿਹਦੇ ਲਈ ਉਸ ਨੇ ਉਨ੍ਹਾਂ ਨੂੰ ਭਾਵ **ਪ੍ਰਧਾਨ ਜਾਜਕਾਂ ਅਤੇ ਗ੍ਰੰਥੀਆਂ ਨੂੰ** ਸੱਦਿਆ, ਜਿਨ੍ਹਾਂ ਨੂੰ ਉਹਦੇ ਖਿਆਲ ਮੁਤਾਬਿਕ ਪਤਾ ਹੋਣਾ ਚਾਹੀਦਾ ਸੀ।

ਹੇਰੋਦੇਸ ਵੱਲੋਂ ਸਲਾਹ ਦੇਣ ਵਾਲੇ ਉਹ ਲੋਕ ਯਹੂਦੀ ਮਹਾਸਭਾ ਦੇ ਮੈਂਬਰ ਹੋਣਗੇ ਜਿਸਨੂੰ ਸੈਨਹੇਡਰਿਨ ਕਿਹਾ ਜਾਂਦਾ ਸੀ। ''ਪ੍ਰਧਾਨ ਜਾਜਕ ਅਤੇ ਗ੍ਰੰਥੀ'' ਉਸ ਸਭਾ ਦੇ ਧਰਮ ਸ਼ਾਸਤਰੀ ਭਾਗ ਨੂੰ ਵੇਖਦੇ ਸਨ। ਹੈਗਨਰ ਨੇ ਤਰਕ ਦਿੱਤਾ ਹੈ ਕਿ ਪੂਰੀ ਮਹਾਸਭਾ ਦੀ ਗੱਲ ਇੱਥੇ ਨਹੀਂ ਹੈ ਕਿਉਂਕਿ ਇਸ ਵਿਚ ''ਬਜ਼ੁਰਗਾਂ'' ਦਾ ਜ਼ਿਕਰ ਨਹੀਂ ਹੈ।[32]

''ਪ੍ਰਧਾਨ ਯਾਜਕਾਂ'' ਵਿਚ ਮੌਜੂਦਾ ਮਹਾਯਾਜਕ, ਸਾਬਕਾ ਮਹਾਯਾਜਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਸਣੇ ਜਿਨ੍ਹਾਂ ਵਿੱਚੋਂ ਮਹਾਯਾਜਕ ਚੁਣੇ ਜਾਂਦੇ ਸਨ, ਲੋਕ ਹੋ ਸਕਦੇ ਸਨ (ਵੇਖੋ ਰਸੂਲਾਂ ਦੇ ਕੰਮ 4:6)।

ਲੂਈਸ ਨੇ ਸਮਝਾਇਆ ਹੈ:

> ਸ਼ਰ੍ਹਾ ਦੇ ਅਨੁਸਾਰ ਇਹ ਅਹੁਦਾ ਖ਼ਾਨਦਾਨੀ ਤੌਰ ਤੇ ਇਕੱਲੇ ਆਦਮੀ ਕੋਲ ਹੁੰਦਾ ਸੀ ਅਤੇ ਉਮਰ ਭਰ ਲਈ ਸੀ, ਪਰ ਹੇਰੋਦੇਸੀ ਰਾਜ ਕੁਮਾਰ ਅਤੇ ਰੋਮੀ ਹਾਕਮ ਆਪਣੀ ਸਨਕ ਨਾਲ ਮਹਾਯਾਜਕਾਂ ਨੂੰ ਬਣਾਉਂਦੇ ਅਤੇ ਗੱਦੀਓਂ ਲਾਹ ਦਿੰਦੇ ਸਨ। ਨਵੇਂ ਨੇਮ ਦੇ ਸਮੇਂ ਵਿਚ ਅਠਾਈ ਮਹਾਯਾਜਕਾਂ ਦਾ ਨਾਂਅ ਦਿੰਦੇ ਹੋਏ ਜੋਸੇਫ਼ਸ ਨਵੇਂ ਨੇਮ ਵਾਗ ਹੀ ਬਹੁਵਚਨ ਸ਼ਬਦ *archiereis* ਦੀ ਵਰਤੋਂ ਕਰਦਾ ਹੈ।[33]

ਸ਼ਰ੍ਹਾ ਦੇ ਅਨੁਸਾਰ ਯਾਜਕਾਂ ਲਈ ਸਿਰਫ਼ ਲੇਵੀ ਦੇ ਗੋਤਰ ਅਤੇ ਸਿਰਫ਼ ਹਾਰੂਨ ਦੀ ਸੰਤਾਨ ਵਿੱਚੋਂ ਹੋਣਾ ਜ਼ਰੂਰੀ ਹੈ (ਕੂਚ 28:1; 29:9)। ਬਾਕੀ ਸਭ ਲੇਵੀ ਯਾਜਕਾਂ ਦੇ ਕੰਮ ਵਿਚ ਮਦਦ ਲਈ ਸੇਵਕ ਹੁੰਦੇ ਸਨ, ਅੱਜ ਦੇ ਡੀਕਨਾਂ ਵਾਂਗ ਹੀ, ਜਿਨ੍ਹਾਂ ਦਾ ਕੰਮ ਕਲੀਸੀਆ ਦੇ ਐਲਡਰਾਂ ਦੀ ਮਦਦ ਕਰਨਾ ਹੈ। ਹਾਰੂਨ ਦੀ ਸੰਤਾਨ ਦੇ ਸਭ ਤੋਂ ਵੱਡੇ ਮੁੰਡੇ ਨੂੰ ਉਸ ਦਾ ਉੱਤਰਾਧਿਕਾਰੀ ਮੰਨਿਆ ਜਾਂਦਾ ਸੀ ਅਤੇ ਇਹ ਪ੍ਰਕਿਰਿਆ ਯੁੱਗਾਂ ਯੁੱਗਾਂ ਤਕ ਰਹਿਣੀ ਸੀ (ਕੂਚ 29:29, 30; ਗਿਣਤੀ 20:28; 25:11–13; ਵਿਵਸਥਾਸਾਰ 10:6)। ਮਸੀਹ ਦੇ ਸਮੇਂ ਤਕ ਇਹ ਸਭ ਬਦਲ ਚੁੱਕਾ ਸੀ। ਮਹਾਯਾਜਕ ਦਾ ਅਹੁਦਾ ਘੱਟ ਹੋ ਕੇ ਰੋਮੀ ਅਤੇ ਹੇਰੋਦੀ ਹਾਕਿਮਾਂ ਦੇ ਕੰਟ੍ਰੋਲ ਵਿਚ ਸਿਰਫ਼ ਇਕ ਸਿਆਸੀ ਨਿਯੁਕਤੀ ਰਹਿ ਗਿਆ ਸੀ। ਜ਼ਾਹਿਰ ਤੌਰ ਤੇ ਯਿਸੂ ਦੇ ਸਲੀਬ ਦਿੱਤੇ ਜਾਣ ਵੇਲੇ ਦੋ ਜਣੇ ਇਸ ਅਹੁਦੇ ਉੱਤੇ ਸਨ। ਇਕ ਤਾਂ ਅੱਨਾਸ ਸੀ ਜਿਸ ਨੂੰ ਯਹੂਦੀਆਂ ਵੱਲੋਂ ਸਹੀ ਮਹਾਯਾਜਕ ਮੰਨਿਆ ਜਾਂਦਾ ਸੀ ਅਤੇ ਦੂਜਾ ਉਸ ਦਾ ਜਵਾਈ ਕਿਯਾਫ਼ਾ ਜਿਸ ਨੂੰ ਅੱਨਾਸ ਦੇ ਗੱਦੀ ਤੋਂ ਲਾਹੇ ਜਾਣ ਤੇ ਰੋਮੀਆਂ ਵੱਲੋਂ ਨਿਯੁਕਤ ਕੀਤਾ ਗਿਆ ਸੀ (ਲੂਕਾ 3:2; ਯੂਹੰਨਾ 18:13, 14, 24, 28)।

ਜੋਯਾਕੀਮ ਜਿਰਮਿਯਾਸ ਨੇ ''ਪ੍ਰਧਾਨ ਯਾਜਕਾਂ'' ਦੀ ਪਛਾਣ ਦੀ ਥੋੜ੍ਹੀ ਜਿਹੀ ਫ਼ਰਕ ਵਿਆਖਿਆ ਦਿੱਤੀ ਹੈ। ਸਬੂਤ ਦੀ ਸਮੀਖਿਆ ਕਰਨ ਦੇ ਬਾਅਦ ਉਸ ਨੇ ਨਿਚੋੜ ਕੱਢਿਆ:

> ਹੈਕਲ ਦਾ ਪ੍ਰਧਾਨ ਜੋ ਹੈਕਲ ਵਿਚ ਬੰਦਗੀ ਕਰਵਾਉਣ ਅਤੇ ਬਾਹਰੀ ਇੰਤਜ਼ਾਮਾਂ ਲਈ ਜ਼ਿੰਮੇਵਾਰ ਸੀ, ਮਹਾਯਾਜਕ ਦੇ ਬਾਅਦ ਸਭ ਤੋਂ ਵੱਡਾ ਯਾਜਕ ਸੀ ਅਤੇ ਪ੍ਰਧਾਨ ਯਾਜਕਾਂ ਦਾ ਮੁਖੀ ਸੀ। ਉਸ ਦੇ ਬਾਅਦ ਯਾਜਕਾਂ ਦੇ ਹਫ਼ਤਾਵਾਰੀ ਕੋਰਸ ਦਾ ਆਗੂ ਹੁੰਦਾ ਸੀ, ਡਿਊਟੀ ਤੇ ਜੋ ਵੀ ਕੋਰਸ ਹੋਵੇ ਅਤੇ ਇਸ ਹਫ਼ਤੇ ਦੇ ਚਾਰ ਤੋਂ ਨੌਂ ਰੋਜ਼ਾਨਾ ਕੋਰਸ ਹੁੰਦੇ ਸਨ। ਪ੍ਰਧਾਨ ਯਾਜਕਾਂ ਨੂੰ ਜਿਨ੍ਹਾਂ ਨੂੰ ਹੈਕਲ ਵਿਚ ਬਣਾਈ ਗਈ ਪੱਕੀ ਸਭਾ ਵਿਚ ਪੱਕੇ ਤੌਰ ਤੇ ਲਾਇਆ ਜਾਂਦਾ ਸੀ, ਜਿਸ ਦਾ ਅਧਿਕਾਰ ਖੇਤਰ ਯਾਜਕਾਈ ਦੇ ਉੱਪਰ ਹੁੰਦਾ ਸੀ ਅਤੇ ਸਭਾ ਵਿਚ ਜਿਸ ਦੇ ਮੈਂਬਰਾਂ ਦੀਆਂ ਸੀਟਾਂ ਅਤੇ ਵੋਟ ਹੁੰਦੇ ਸਨ।[34]

''ਗ੍ਰੰਥੀ'' ਆਪਣੇ ਕਿੱਤੇ ਦੀ ਖ਼ੂਬੀ ਨਾਲ ਪੁਰਾਣੇ ਨੇਮ ਦੇ ਮਾਹਿਰ ਹੁੰਦੇ ਸਨ। ਇਹ ਲੋਕ ਯਹੂਦੀ ਅਦਾਲਤਾਂ ਦੇ ਸਰਕਾਰੀ ਦਸਤਾਵੇਜ਼ ਰਖਦੇ ਸਨ ਅਤੇ ਉਨ੍ਹਾਂ ਵਿੱਚੋਂ ਕਈ ਦਸਤਾਵੇਜ਼ਾਂ ਨੂੰ ਲਿਖਦੇ ਵੀ ਸਨ। ਇਸ ਕੰਮ ਨੂੰ ਕਰਕੇ ਉਨ੍ਹਾਂ ਨੂੰ ''ਸ਼ਰ੍ਹਾ ਦੇ ਸਿਖਲਾਉਣ ਵਾਲੇ'' ਵੀ ਆਖਿਆ ਜਾਂਦਾ ਸੀ (22:35; ਲੂਕਾ 5:17)। ਸਿਨਾਗੋਗਾਂ (ਸਮਾਜਾਂ) ਦੇ ਬਣਨ ਤੇ (ਜ਼ਾਹਿਰ ਹੈ ਬਾਬੁਲ ਦੀ ਗੁਲਾਮੀ ਦੌਰਾਨ) ਪੜ੍ਹੇ ਲਿਖੇ ਲੋਕਾਂ ਦਾ ਇਕ ਵਰਗ ਬਣ ਗਿਆ। ਉਨ੍ਹਾਂ ਦਾ ਕੰਮ ਧਰਮ ਸ਼ਾਸਤਰ ਨੂੰ ਸੰਭਾਲਣਾ, ਉਸ ਦੀ ਨਕਲ ਬਣਾਉਣਾ ਅਤੇ ਉਸ ਨੂੰ ਸਮਝਾਉਣਾ ਹੁੰਦਾ ਸੀ। ਆਮ ਤੌਰ ਤੇ ਉਨ੍ਹਾਂ ਦਾ ਕੰਮ ਲਿਖਣ ਵਾਲੇ ਇਕ ਕਮਰੇ ਵਿਚ ਕੀਤਾ ਜਾਂਦਾ ਸੀ ਜਿਸ ਵਿਚ ਇਕ ਪੜ੍ਹਨ ਵਾਲਾ ਸਾਹਮਣੇ ਹੁੰਦਾ ਅਤੇ ਗ੍ਰੰਥੀ ਡੈਸਕਾਂ ਉੱਤੇ ਰਹਿੰਦੇ ਅਤੇ ਵਚਨ ਦੇ ਪੜ੍ਹੇ ਜਾਣ ਵੇਲੇ ਉਸ ਦੀ ਨਕਲ ਉਤਾਰਦੇ ਸਨ। ਇਨ੍ਹਾਂ ਨਕਲਾਂ ਨੂੰ ਫਿਰ ਸਿਨਾਗੋਗਾਂ ਵਿਚ ਵਿਸਤਾਰ ਦਿੱਤਾ ਜਾਂਦਾ ਤਾਂ ਜੋ ਉਨ੍ਹਾਂ ਵਿੱਚੋਂ ਹਰ ਕਿਸੇ ਕੋਲ ਵਚਨ ਦੀ ਪੂਰੀ ਨਕਲ

ਹੋਵੇ। ਗ੍ਰੰਥੀਆਂ ਨੂੰ ਬਾਈਬਲ ਦੇ ਵਿਦਵਾਨਾਂ ਅਤੇ ਸਿਖਾਉਣ ਵਾਲਿਆਂ ਦੇ ਰੂਪ ਵਿਚ ਪਛਾਣ ਮਿਲਣ ਦੇ ਢੰਗ ਨੂੰ ਸਮਝਣਾ ਆਸਾਨ ਸੀ (23:2, 6–8)। ਹੇਰੋਦੇਸ ਵੱਲੋਂ ਜਿਨ੍ਹਾਂ ਤੋਂ ਸਲਾਹ ਲਈ ਗਈ ਸੀ ਉਹ ਯਰੂਸ਼ਲਮ ਵਿਚ ਹੀ ਰਹਿੰਦੇ ਸਨ; ਉਨ੍ਹਾਂ ਵਿੱਚੋਂ ਕੁਝ ਮਹਾਸਭਾ ਦੇ ਮੈਂਬਰਾਂ ਦੇ ਰੂਪ ਵਿਚ ਵੀ ਕੰਮ ਕਰਦੇ ਸਨ।

ਪ੍ਰਧਾਨ ਯਾਜਕਾਂ ਅਤੇ ਗ੍ਰੰਥੀਆਂ ਦੇ ਸਬੰਧ ਵਿਚ ਇਕ ਸਵਾਲ ਸੀ ਕਿ ''ਮਸੀਹਾ ਦਾ ਜਨਮ ਕਿੱਥੇ ਹੋਵੇਗਾ?'' ਇਹ ਉਸ ਦੇ ਮਸੀਹਾ ਦੀ ਉਮੀਦ ਦੀ ਸਮਝ ਅਤੇ ਲਿਖਤ ਦੀ ਉਸ ਦੀ ਅਗਿਆਨਤਾ ਦੋਹਾਂ ਨੂੰ ਵਿਖਾਉਂਦਾ ਹੈ (ਵੇਖੋ ਯੂਹੰਨਾ 7:25–27, 40–42)।

**ਆਇਤ 5.** ਇਨ੍ਹਾਂ ਧਾਰਮਿਕ ਆਗੂਆਂ ਨੂੰ ਜਵਾਬ ਦੇਣ ਲਈ ਲੱਭਣ ਦੀ ਲੋੜ ਨਹੀਂ ਸੀ। ਉਨ੍ਹਾਂ ਨੂੰ ਪਤਾ ਸੀ ਅਤੇ ਉਨ੍ਹਾਂ ਨੇ ਹੇਰੋਦੇਸ ਨੂੰ ਲਿਖਤ ਨਾਲ ਮੇਲ ਖਾਂਦਾ ਜਵਾਬ ਦਿੱਤਾ ਕਿ ਮੀਕਾ **ਨਬੀ** ਨੇ ਨਬੂਵਤ ਕੀਤੀ ਸੀ ਕਿ ਮਸੀਹਾ ਦਾ ਜਨਮ **ਯਹੂਦੀਆ ਦੇ ਬੈਤਲਹਮ** ਵਿਚ ਹੋਵੇਗਾ। ਮੀਕਾ ਦੀ ਨਬੂਵਤ ਨੂੰ **ਕਿਉਂ ਜੋ ਐਉਂ ਲਿਖਿਆ ਹੋਇਆ ਹੈ** ਫ਼ਾਰਮੂਲੇ ਦੇ ਰਾਹੀਂ ਦੱਸਿਆ ਗਿਆ ''ਲਿਖਿਆ ਹੋਇਆ ਹੈ'' (*gegraptai*) ਮੱਤੀ ਦੀ ਕਿਤਾਬ ਵਿਚ ਕਈ ਵਾਰ ਮਿਲਦਾ ਹੈ ਅਤੇ ਆਮ ਤੌਰ ਤੇ ਇਸ ਵਿਚ ਪੁਰਾਣੇ ਨੇਮ ਦੇ ਕਿਸੇ ਹਵਾਲੇ ਦੀ ਗੱਲ ਕੀਤੀ ਹੈ (2:5; 4:4, 6, 7, 10; 11:10; 21:13; 26:24, 31)।

**ਆਇਤ 6.** ਮੀਕਾ 5:2 ਮੂਲ ਇਬਰਾਨੀ ਦੀ ਨਕਲ ਹੈ:

> ''ਪਰ ਹੇ ਬੈਤਲਹਮ ਅਫ਼ਰਾਥਾਹ ਤੂੰ ਜੋ ਯਹੂਦਾਹ ਦੇ ਹਜ਼ਾਰਾਂ ਵਿੱਚੋਂ ਛੋਟਾ ਹੈਂ
> ਤੈਥੋਂ ਮੇਰੇ ਲਈ ਇਕ ਨਿੱਕਲੇਗਾ
> ਜੋ ਇਸਰਾਏਲ ਵਿਚ ਹਾਕਮ ਹੋਵੇਗਾ
> ਜਿਸ ਦਾ ਨਿੱਕਲਣਾ ਪ੍ਰਾਚੀਨ ਸਮੇਂ ਤੋਂ, ਸਗੋਂ ਅਨਾਦਿ ਤੋਂ ਹੈ।''

ਮੱਤੀ ਵਿਚ ਇਸ ਤਰ੍ਹਾਂ ਲਿਖਿਆ ਹੈ:

> **''ਹੇ ਬੈਤਲਹਮ ਯਹੂਦਾਹ ਦੇਸ ਦੇ,**
> **ਤੂੰ ਯਹੂਦਾਹ ਦੇ ਹਾਕਮਾਂ ਵਿੱਚੋਂ ਕਿਸੇ ਤਰ੍ਹਾਂ ਛੋਟਾ ਨਹੀਂ ਹੈਂ,**
> **ਕਿਉਂ ਜੋ ਤੇਰੇ ਵਿੱਚੋਂ ਇਕ ਹਾਕਮ ਨਿੱਕਲੇਗਾ**
> **ਜਿਹੜਾ ਮੇਰੀ ਪਰਜਾ ਇਸਰਾਏਲ ਦੀ ਪਾਲਣਾ ਕਰੇਗਾ।''**

''ਬੈਤਲਹਮ ਅਫ਼ਰਾਥਾਹ'' ਨੂੰ ਆਧੁਨਿਕ ''ਯਹੂਦਾਹ ਦੇਸ਼ ਦੇ ਬੈਤਲਹਮ'' ਵਿਚ ਹੋਰ ਆਧੁਨਿਕ ਬਣਾਇਆ ਗਿਆ ਹੈ। ''ਯਹੂਦਾਹ ਦੇ ਹਜ਼ਾਰਾਂ'' ''ਯਹੂਦਾਹ ਦੇ ਹਾਕਮਾਂ'' ਬਣ ਗਿਆ ਹੈ। ਰੌਬਰਟ ਐਚ. ਗੁੰਡਰੀ ਨੇ ਸੁਝਾਅ ਦਿੱਤਾ ਹੈ:

> ਇਬਰਾਨੀ ਲਿਖਤ ਲਈ ਵੱਖੋ ਵੱਖ ਸੁਰਾਂ ਨੂੰ ਮਿਲਾ ਕੇ ਮੱਤੀ ''ਹਜ਼ਾਰਾਂ'' ਦੀ ਥਾਂ ''ਹਾਕਮਾਂ'' ਪੜ੍ਹਦਾ ਹੈ (MT, LXX)। ਇਸ ਤਰੀਕੇ ਨਾਲ ਉਹ ਹਜ਼ਾਰਾਂ ਨੂੰ ਇਸ ਤਰ੍ਹਾਂ ਨਿੱਜੀ ਬਣਾ ਦਿੰਦਾ ਹੈ ਜਿਵੇਂ ਬੈਤਲਹਮ ਪਹਿਲਾਂ ਹੀ ਨਿੱਜੀ ਹੈ (''ਹੇ ਬੈਤਲਹਮ, ਤੂੰ'') ਦਾਊਦ ਦੇ ਰਾਜਵੰਸ਼ ਵਿਚ ਯਿਸੂ ਦੇ ਆਪਣੇ ਪੂਰਵਜਾਂ ਤੋਂ ਬੇਹਤਰ ਹੋਣ ਦੀ ਤਸਦੀਕ ਕਰਨ ਲਈ (1:6–11)।[35]

ਇਸ ਤੋਂ ਇਲਾਵਾ, ''ਜਿਹੜਾ ਮੇਰੀ ਪਰਜਾ ਇਸਰਾਏਲ ਦੀ ਪਾਲਣਾ ਕਰੇਗਾ'' ਨੂੰ ਸ਼ਾਇਦ 2 ਸਮੂਏਲ

5:2 ਤੋਂ ਲਿਆ ਗਿਆ ਹੈ। ਇਹ ਆਇਤ ਦਾਊਦ ਨਾਲ ਸਬੰਧਿਤ ਹੈ ਅਤੇ ਇਸ ਵਿਚ ''ਇਸਰਾਏਲ ਵਿਚ ਹਾਕਮ'' ਹੋਣ ਦੀ ਵੀ ਗੱਲ ਹੈ (ਮੀਕਾਹ 5:4 ਵਿਚ ਵੀ ਰਖਵਾਲੀ ਕਰਨ ਦਾ ਵਿਸ਼ਾ ਮਿਲਦਾ ਹੈ)। ਅਖ਼ੀਰ ਵਿਚ, ਮੀਕਾਹ 5:2 ਦਾ ਆਖ਼ਰੀ ਹਿੱਸਾ ਕੱਢ ਦਿੱਤਾ ਗਿਆ ਹੈ।

ਇਨ੍ਹਾਂ ਬਦਲ ਦੇ ਸਬੰਧ ਵਿਚ ਆਰ. ਟੀ. ਫ਼੍ਰਾਸ ਨੇ ਲਿਖਿਆ ਹੈ, ਮੱਤੀ ਖੁੱਲ੍ਹੇ ਦਿਲ ਨਾਲ ਇਵੇਂ ਦੁਹਰਾ ਰਿਹਾ ਹੈ ਜਿਸ ਨਾਲ ਲਿਖਤ ਦੀ ਪ੍ਰਾਸੰਗਿਕਤਾ ਵੱਲ ਧਿਆਨ ਜਾਵੇ।[36] ਮਸੀਹਾ ਨੇ ''ਹਕੂਮਤ ਕਰਨ ਵਾਲਾ'' ਹੋਣਾ ਸੀ ਜਿਸ ਵਿਚ ਖ਼ੁਦਾ ਦੇ ਲੋਕਾਂ ਦੀ ''ਚਰਵਾਹੀ'' ਕੀਤੀ ਜਾਣੀ ਸੀ। ''ਚਰਵਾਹਾ'' ਸ਼ਬਦ ਰਾਜੇ ਜਾਂ ਹਾਕਮ ਲਈ ਪੁਰਾਣੇ ਨੇਮ ਵਿਚ ਆਮ ਸੀ (2 ਸਮੂਏਲ 5:2–5; 7:4–7; ਯਿਰਮਿਯਾਹ 23:1–4; ਹਿਜ਼ਕੀਏਲ 34:1–24)।

ਪ੍ਰਧਾਨ ਯਾਜਕਾਂ ਅਤੇ ਗ੍ਰੰਥੀਆਂ ਨੂੰ ਭਾਵੇਂ ਇਸ ਨਬੂਵਤ ਦਾ ਪਤਾ ਸੀ, ਪਰ ਸਾਨੂੰ ਨਹੀਂ ਪਤਾ ਕਿ ਉਨ੍ਹਾਂ ਨੇ ਆਪ ਜਾ ਕੇ ਬਾਲਕ ਨੂੰ ਸਿਜਦਾ ਕਰਨ ਦੀ ਕੋਈ ਕੋਸ਼ਿਸ਼ ਕੀਤੀ ਹੋਵੇ। ਇਸ ਸਬੰਧ ਵਿਚ ਬਾਰਕਲੇ ਨੇ ਲਿਖਿਆ ਹੈ ਕਿ ਉਨ੍ਹਾਂ ਦੀ ਪ੍ਰਤੀਕਿਰਿਆ ''ਪੂਰੀ ਤਰ੍ਹਾਂ ਨਾਲ ਉਦਾਸੀਨਤਾ'' ਵਾਲੀ ਸੀ ਅਤੇ ਅੱਗੇ ਕਿਹਾ ਕਿ ''ਹੈਕਲ ਦੇ ਆਪਣੇ ਸੰਸਕਾਰ ਅਤੇ ਆਪਣੀਆਂ ਕਾਨੂੰਨੀ ਚਰਚਾਵਾਂ ਵਿਚ ਉਹ ਐਨੇ ਮਗਨ ਸਨ ਕਿ ਉਨ੍ਹਾਂ ਨੇ ਯਿਸੂ ਨੂੰ ਹੀ ਪੂਰੀ ਤਰ੍ਹਾਂ ਨਾਲ ਨਕਾਰ ਦਿੱਤਾ।''[37]

## ਜੋਤਸ਼ੀਆਂ ਨਾਲ ਹੇਰੋਦੇਸ ਦੀਆਂ ਗੁਪਤ ਸਭਾਵਾਂ (2:7, 8)

**7ਤਦ ਹੈਰੋਦੇਸ ਨੇ ਜੋਤਸ਼ੀਆਂ ਨੂੰ ਚੁੱਪ ਕੀਤੇ ਬੁਲਾ ਕੇ ਉਨ੍ਹਾਂ ਕੋਲੋਂ ਠੀਕ-ਠੀਕ ਪਤਾ ਲਿਆ ਕਿ ਤਾਰਾ ਕਦੋਂ ਵਿਖਾਈ ਦਿੱਤਾ। 8ਅਤੇ ਉਸ ਨੇ ਉਨ੍ਹਾਂ ਨੂੰ ਬੈਤਲਹਮ ਵੱਲ ਇਹ ਕਹਿ ਕੇ ਭੇਜਿਆ ਕਿ ਜਾਓ ਕੋਸ਼ਿਸ਼ ਨਾਲ ਉਸ ਬੱਚੇ ਦੀ ਭਾਲ ਕਰੋ ਅਤੇ ਜਦ ਉਹ ਲੱਭ ਪਵੇ ਤਾਂ ਮੁੜ ਮੈਨੂੰ ਖ਼ਬਰ ਦਿਓ ਤਾਂ ਜੋ ਮੈਂ ਵੀ ਜਾ ਕੇ ਉਹਨੂੰ ਸਿਜਦਾ ਕਰਾਂ।**

**ਆਇਤ 7. ਹੇਰੋਦੇਸ ਨੇ ਜੋਤਸ਼ੀਆਂ ਨੂੰ ਸੱਦਿਆ** ਇਨ੍ਹਾਂ ਨੂੰ **ਚੁੱਪ ਕੀਤੇ** ਸੱਦਣ ਦਾ ਉਸ ਦਾ ਮਕਸਦ ਲੋਕਾਂ ਵਿਚ ਹੋਰ ਸਮਝ ਵਧਣ ਤੋਂ ਰੋਕਣਾ ਹੋ ਸਕਦਾ ਹੈ। ਵਚਨ ਤੋਂ ਕੁਝ ਹੋਰ ਬੁਰਾ ਕਾਰਣ ਪਤਾ ਲਗ ਸਕਦਾ ਹੈ। ਉਹ ਆਪਣੇ ਅਸਲ ਇਰਾਦੇ ਨੂੰ ਸਾਹਮਣੇ ਨਹੀਂ ਆਉਣ ਦੇਣਾ ਚਾਹੁੰਦਾ ਸੀ। ''ਚੁੱਪ ਕੀਤੇ'' ਤੋਂ ਭਾਵ ਹੈ ਕਿ ਸੱਦ ਕੇ ਸੱਦਿਆ ਗਿਆ ਅਤੇ ਉਨ੍ਹਾਂ ਨੇ ਇਕੱਲੇ ਮੁਲਾਕਾਤ ਕੀਤੀ। ਉਹ ਜੋਤਸ਼ੀਆਂ ਤੋਂ ਉਹ ਜਾਣਕਾਰੀ ਲੈਣਾ ਚਾਹੁੰਦਾ ਸੀ ਜਿਹੜੀ ਸਿਰਫ਼ ਉਨ੍ਹਾਂ ਨੂੰ ਹੀ ਪਤਾ ਹੋਣੀ ਸੀ ਅਤੇ ਉਹ ਜਾਣਕਾਰੀ ਇਹ ਸੀ ਕਿ **ਤਾਰਾ ਕਦੋਂ ਵਿਖਾਈ ਦਿੱਤਾ**। ਉਸ ਦਾ ਮਕਸਦ ਠੀਕ ਠੀਕ ਪਤਾ ਲਾਉਣਾ ਸੀ ਕਿ ਉਹ ਬੱਚਾ ਕਿੰਨਾ ਕੁ ਵੱਡਾ ਹੈ (2:16)।

''ਚੁੱਪ ਕੀਤੇ'' ਲਈ ਯੂਨਾਨੀ ਸ਼ਬਦ (*lathrai*) ਨਵੇਂ ਨੇਮ ਵਿਚ ਸਿਰਫ਼ ਚਾਰ ਵਾਰ ਆਉਂਦਾ ਹੈ। ਹੋਰ ਥਾਂਵਾਂ ਵਿਚ ਉਹ ਮੱਤੀ ਦੇ ਪਹਿਲੇ ਦੋ ਅਧਿਆਇ ਵਿਚ ਮਿਲਦਾ ਹੈ। ਇੱਥੇ ਸ਼ਾਇਦ ਧਰਮੀ ਯੂਸੁਫ਼ ਵਿਚ ਥੋੜ੍ਹਾ ਜਿਹਾ ਫ਼ਰਕ ਕੀਤਾ ਜਾ ਰਿਹਾ ਹੈ, ਜੋ ਮਰੀਅਮ ਨੂੰ ਬਦਨਾਮੀ ਤੋਂ ਬਚਾਉਣ ਲਈ ਉਸ ਨੂੰ ''ਚੁੱਪ ਕੀਤਿਆਂ'' ਤਲਾਕ ਦੇ ਦੇਣਾ ਚਾਹੁੰਦਾ ਸੀ (1:19), ਅਤੇ ਦੁਸ਼ਟ ਹੇਰੋਦੇਸ, ਜਿਸ ਨੇ ਮਸੀਹ ਨੂੰ ਮੁਕਾਉਣ ਲਈ ਜੋਤਸ਼ੀਆਂ ਨਾਲ ''ਚੁੱਪ ਕੀਤੇ'' ਮੁਲਾਕਾਤ ਕੀਤੀ (2:7)।

**ਆਇਤ 8.** ਮੰਗੀ ਗਈ ਜਾਣਕਾਰੀ ਪਾ ਲੈਣ ਦੇ ਬਾਅਦ ਹੇਰੋਦੇਸ ਨੇ ਉਨ੍ਹਾਂ ਪੰਡਤਾਂ ਨੂੰ **ਬੈਤਲਹਮ** ਘੱਲਿਆ। ਉਸ ਨੇ ਉਨ੍ਹਾਂ ਨੂੰ ਹੁਕਮ ਦਿੱਤਾ ਕਿ **ਉਸ ਬਾਲਕ** ਦੇ ਮਿਲ ਜਾਣ ਤੇ ਉਸ ਨੂੰ ਉਸ ਬਾਰੇ ਦੱਸਣ ਤਾਂਕਿ ਉਹ ਵੀ ਜਾ ਕੇ ਉਹਨੂੰ **ਮੱਥਾ ਟੇਕ** ਸਕੇ। ਜਿੰਨਾ ਅਸੀਂ ਹੇਰੋਦੇਸ ਬਾਰੇ ਜਾਣਦੇ ਹਾਂ ਉਸ ਤੋਂ ਅਸੀਂ ਉਸ ਦੇ ਕਪਟ ਅਤੇ ਧੋਖੇਬਾਜ਼ੀ ਤੋਂ ਹੈਰਾਨ ਨਹੀਂ ਹੋਵਾਂਗੇ। ਮਸੀਹ ਨੂੰ ਸਿਜਦਾ ਕਰਨ ਦੀ

ਉਸ ਦੀ ਕੋਈ ਇੱਛਾ ਨਹੀਂ ਸੀ; ਅਤੇ ਉਸ ਦਾ ਇਰਾਦਾ ਹੋਰ ਵੀ ਸਾਫ਼ ਹੋ ਜਾਂਦਾ ਹੈ, ਕਿਉਂਕਿ ਪੰਡਤ ਯਿਸੂ ਦੀ ਖ਼ਬਰ ਲੈ ਕੇ ਉਹਦੇ ਕੋਲ ਵਾਪਸ ਨਹੀਂ ਆਏ।

ਜੋਤਸ਼ੀਆਂ ਨੂੰ ਹੇਰੋਦੇਸ ਦੀਆਂ ਹਦਾਇਤਾਂ ਦੇ ਸਬੰਧ ਵਿਚ ਫ਼੍ਰਾਂਸ ਨੇ ਇਹ ਮਹੱਤਵਪੂਰਣ ਮੁਲਾਂਕਣ ਕੀਤੇ ਹਨ:

> ਕਈ ਵਾਰ ਇਹ ਇਲਜ਼ਾਮ ਲਾਇਆ ਜਾਂਦਾ ਹੈ ਕਿ ਇਤਹਾਸਿਕ ਹੇਰੋਦੇਸ ਐਨਾ ਸ਼ਾਤਰ ਅਤੇ ਬੇਰਹਿਮ ਸੀ ਕਿ ਉਸ ਨੂੰ ਸਹਿਯੋਗ ਲਈ ਇਨ੍ਹਾਂ ਵਿਦੇਸ਼ੀਆਂ ਉੱਤੇ ਨਿਰਭਰ ਹੋਣਾ ਪਿਆ, ਅਤੇ ਇਹ ਕਿ ਨਹੀਂ ਤਾਂ ਉਹ ਉਨ੍ਹਾਂ ਨਾਲ ਆਪਣੇ ਸਿਪਾਹੀ ਭੇਜ ਦਿੰਦਾ। ਪਰ ਉਹਦੇ ਇਹ ਸ਼ੱਕ ਕਰਨ ਦਾ ਕੋਈ ਕਾਰਣ ਨਹੀਂ ਸੀ ਕਿ ਉਹ ਉਹਦੇ ਲਈ ਲੋੜੀਂਦੀ ਜਾਣਕਾਰੀ ਲੈ ਕੇ ਵਾਪਸ ਆਉਣਗੇ ਅਤੇ ਉਨ੍ਹਾਂ ਦੇ ਨਾਲ ਸਿਪਾਹੀਆਂ ਦੇ ਹੋਣ ਨਾਲ ਬੱਚੇ ਨੂੰ ਲੱਭਣ ਦੇ ਉਨ੍ਹਾਂ ਦੇ ਮੌਕੇ ਘਟ ਜਾਣਗੇ। ਜਾਣਕਾਰੀ ਦੀ ਇੱਛਾ ਲਈ ਉਸ ਦੀ ਕਪਟ ਭਰੀ ਮੰਸ਼ਾ ਨੇ ਸ਼ਾਇਦ ਉਸ ਦੀ ਪਰਜਾ ਨੂੰ ਧੋਖਾ ਨਾ ਦਿੱਤਾ ਪਰ ਵਿਦੇਸ਼ੀਆਂ ਨਾਲ ਕੰਮ ਕਰਨ ਦੀ ਉਮੀਦ ਕੀਤੀ ਜਾ ਸਕਦੀ ਹੋਵੇਗੀ।[38]

## ਜੋਤਸ਼ੀਆਂ ਦਾ ਬੈਤਲਹਮ ਵਿਚ ਪਹੁੰਚਣਾ (2:9-12)

**[9]ਉਹ ਰਾਜੇ ਦੀ ਸੁਣ ਕੇ ਤੁਰ ਪਏ ਅਤੇ ਵੇਖੋ ਉਹ ਤਾਰਾ ਜਿਹੜਾ ਉਨ੍ਹਾਂ ਨੇ ਚੜ੍ਹਦੇ ਪਾਸੇ ਦੇਖਿਆ ਸੀ ਉਨ੍ਹਾਂ ਦੇ ਅੱਗੇ ਅੱਗੇ ਚੱਲਿਆ, ਇੱਥੋਂ ਤਕ ਕਿ ਉਸ ਥਾਂ ਦੇ ਉੱਤੇ ਜਾ ਟਿਕਿਆ ਜਿੱਥੇ ਉਹ ਬੱਚਾ ਸੀ। [10]ਅਤੇ ਤਾਰੇ ਨੂੰ ਵੇਖ ਕੇ ਉਹ ਵੱਡੇ ਹੀ ਖੁਸ਼ ਹੋਏ। [11]ਅਤੇ ਉਨ੍ਹਾਂ ਨੇ ਉਸ ਘਰ ਵਿਚ ਜਾ ਕੇ ਬੱਚੇ ਨੂੰ ਉਹਦੀ ਮਾਤਾ ਮਰੀਅਮ ਦੇ ਨਾਲ ਦੇਖਿਆ ਅਤੇ ਪੈਰੀਂ ਪੈ ਕੇ ਉਹਨੂੰ ਮੱਥਾ ਟੇਕਿਆ ਅਤੇ ਆਪਣੀਆਂ ਥੈਲੀਆਂ ਖੋਲ੍ਹ ਕੇ ਸੋਨਾ ਅਤੇ ਲੁਬਾਨ ਅਤੇ ਗੰਧਰਸ ਉਹ ਨੂੰ ਨਜ਼ਰ ਕੀਤੀ। [12]ਅਤੇ ਸੁਫ਼ਨੇ ਵਿਚ ਖ਼ਬਰ ਪਾ ਕੇ ਕਿ ਜੋ ਹੇਰੋਦੇਸ ਦੇ ਕੋਲ ਮੁੜ ਨਾ ਜਾਣ ਉਹ ਹੋਰ ਰਸਤੇ ਆਪਣੇ ਦੇਸ਼ ਨੂੰ ਮੁੜ ਗਏ।**

**ਆਇਤ 9.** ਇਹ ਆਇਤ ਸਾਬਿਤ ਕਰਦੀ ਹੈ ਕਿ **ਤਾਰਾ** ਜਿਹਦੇ ਮਗਰ ਮਗਰ ਜੋਤਸ਼ੀ ਆਏ ਸਨ, ਕੋਈ ਆਮ ਤਾਰਾ ਨਹੀਂ ਸੀ। ਜ਼ਾਹਿਰ ਹੈ ਕਿ ਇਹ ਉਨ੍ਹਾਂ ਪੰਡਤਾਂ ਦੇ ਯਰੂਸ਼ਲਮ ਵਿਚ ਰਹਿਣ ਵੇਲੇ ਜਾਂ ਤਾਂ ਅਦਿੱਖ ਹੋ ਗਿਆ ਜਾਂ ਖਲੋਤਾ ਰਿਹਾ। ਬੈਤਲਹਮ ਲਈ ਉਨ੍ਹਾਂ ਦੇ ਨਿੱਕਲਣ ਤੇ ਉਨ੍ਹਾਂ ਦਾ ਸੁਰਗੀ ਗਾਈਡ ਇਕ ਵਾਰ ਫੇਰ ਚੱਲ ਪਿਆ, **ਇੱਥੋਂ ਤੀਕ ਜੋ ਉਸ ਥਾਂ ਦੇ ਉੱਤੇ ਜਾ ਟਿਕਿਆ ਜਿੱਥੇ ਬਾਲਕ ਸੀ**। ਇਹ ਅਨੋਖਾ ਤਾਰਾ ਪੰਡਤਾਂ ਨੂੰ ਬੈਤਲਹਮ ਵਿਚ ਬਲਕਿ ਉਸ ਦੇ ਘਰ ਵਿਚ ਲੈ ਗਿਆ। ਇਹ ਗਤੀਵਿਧੀ ਇਸ ਗੱਲ ਨੂੰ ਸਾਬਤ ਕਰਦੀ ਹੈ ਕਿ ਇਹ ਜੋਹਨਸ ਕੇਪੁਲਰ ਅਤੇ ਕਾਰਨਸ ਵਿਸੁਲਰ ਦੀ ਕਾਲਪਨਿਕ ਗੱਲ ਨਹੀਂ ਸੀ (2:2 ਤੇ ਟਿੱਪਣੀਆਂ ਵੇਖੋ)।

**ਆਇਤ 10. ਅਤੇ ਤਾਰੇ ਨੂੰ ਵੇਖ ਕੇ ਉਹ ਵੱਡੇ ਹੀ ਖੁਸ਼ ਹੋਏ।** ਜੋਤਸ਼ੀ ਉਸ ਤਾਰੇ ਨੂੰ ਜਿਹੜਾ ਪੂਰਬ ਤੋਂ ਯਹੂਦੀਆ ਵਿਚ ਲੈ ਆਇਆ ਸੀ, ਵੇਖ ਕੇ ਬੜੇ ''ਅਨੰਦ'' ਕੀਤਾ। ਇਹੀ ਤਾਰਾ ਉਨ੍ਹਾਂ ਨੂੰ ਬੈਤਲਹਮ ਭਾਵ ਉਨ੍ਹਾਂ ਨੂੰ ਲੰਮੇ ਸਫ਼ਰ ਦੀ ਮੰਜ਼ਿਲ ਤਕ ਲੈ ਗਿਆ ਸੀ, ਜਿੱਥੇ ਉਨ੍ਹਾਂ ਨੇ ਬਾਲਕ ਯਿਸੂ ਨੂੰ ਵੇਖਣਾ ਸੀ। ''ਵੱਡੇ ਹੀ ਆਨੰਦ'' ਵਾਕਅੰਸ਼ ਉੱਤੇ ਜ਼ੋਰ ਦੇ ਕੇ ਜੋਤਸ਼ੀਆਂ ਦੀ ਖ਼ੁਸ਼ੀ ਅਤੇ ਰੋਮਾਂਚ ਨੂੰ ਵਿਖਾਉਂਦਾ ਹੈ। ਆਨੰਦ ਅਤੇ ਅਜਿਹੀ ਹੀ ਭਾਸ਼ਾ ਯੂਹੰਨਾ ਬਪਤਿਸਮਾ ਦੇਣ ਵਾਲੇ ਅਤੇ ਯਿਸੂ ਦੇ ਲੂਕਾ ਦੇ ਜਨਮ ਦੇ ਵਿਰਤਾਂਤਾਂ ਵਿਚ ਮਿਲਦੀ ਹੈ (ਲੂਕਾ 1:14, 44, 46, 47; 2:10, 14, 20)।

**ਆਇਤ 11.** ਜੋਤਸ਼ੀ **ਉਸ ਘਰ ਵਿਚ** ਆਏ ਜਿੱਥੇ **ਮਰੀਅਮ** ਅਤੇ **ਬਾਲਕ** ਉਸ ਮਸੇਂ ਰਹਿ ਰਹੇ ਸਨ। ਜਿਵੇਂ ਪਹਿਲਾਂ ਕਿਹਾ ਗਿਆ ਹੈ ਕਿ ''ਚਰਨੀ'' (ਲੂਕਾ 2:7) ਦਾ ਕੋਈ ਜ਼ਿਕਰ ਨਹੀਂ।

ਜੋਤਸ਼ੀਆਂ ਦਾ ਆਉਣਾ ਯਿਸੂ ਦੇ ਜਨਮ ਦੇ ਥੋੜ੍ਹੀ ਦੇਰ ਬਾਅਦ ਹੋਇਆ (ਲੂਕਾ 2: 1–20)। ਉਨ੍ਹਾਂ ਦਾ ਆਉਣਾ ਪਰਿਵਾਰ ਦੇ ਹੈਕਲ ਵਿਚ ਜਾਣ ਦੇ ਵੀ ਬਾਅਦ ਹੋਇਆ (ਲੂਕਾ 2:22–38), ਜੋ ਮਰੀਅਮ ਦੇ ਸ਼ੁੱਧ ਕੀਤੇ ਜਾਣ ਦੇ ਚਾਲੀ ਦਿਨਾਂ ਬਾਅਦ ਹੋਇਆ ਸੀ (ਲੂਕਾ 2:22; ਵੇਖੋ ਆਇਤ 12: 1–4 । ਹੈਂਡ੍ਰਿਕਸਨ ਨੇ ਧਿਆਨ ਦੁਆਇਆ ਹੈ ਕਿ ਜੇ ਇਹ ਜੋਤਸ਼ੀ ਹੈਕਲ ਵਿਚ ਜਾਣ ਤੋਂ ਪਹਿਲਾਂ ਆਏ ਸਨ, ਤਾਂ ਉਨ੍ਹਾਂ ਦੇ ਕੀਮਤੀ ਤੋਹਫ਼ਿਆਂ ਨਾਲ ਉਸ ਗਰੀਬ ਜੋੜੇ ਨੂੰ ''ਘੁਮਰੀਆਂ ਦਾ ਇਕ ਜੋੜਾ ਜਾਂ ਕਬੂਤਰ ਦੇ ਦੋ ਬੱਚੇ'' ਚੜ੍ਹਾਉਣ ਨਾਲੋਂ ਵੱਧ ਕੁਰਬਾਨ ਕਰਨ ਲਈ ਹੋਣਾ ਸੀ (ਲੂਕਾ 2:23, 24; ਵੇਖੋ ਆਇਤ 12:8)।[39] ਇਸ ਦੇ ਇਲਾਵਾ, ਲੂਈਸ ਨੇ ਲਿਖਿਆ ਹੈ, ''ਮੱਤੀ ਇਹ ਪ੍ਰਭਾਵ ਰਹਿਣ ਦਿੰਦਾ ਹੈ ਕਿ ਮਿਸਰ ਵਿਚ ਜਾਣਾ ਪੰਡਤਾਂ ਜਾਂ ਜੋਤਸ਼ੀਆਂ ਦੇ ਆਉਣ ਦੇ ਇਕਦਮ ਬਾਅਦ ਹੋਇਆ।''[40]

ਆ ਕੇ ਪੰਡਤਾਂ ਨੇ ਬਾਲਕ ਦੇ **ਪੈਰੀਂ ਪੈ ਕੇ ਉਹਨੂੰ ਮੱਥਾ ਟੇਕਿਆ** (2:2 ਤੇ ਟਿੱਪਣੀਆਂ ਵੇਖੋ)। ਇਹ ਧਿਆਨ ਦੇਣਾ ਜ਼ਰੂਰੀ ਹੈ ਕਿ ਉਨ੍ਹਾਂ ਨੇ ''ਉਹਨੂੰ ਮੱਥਾ ਟੇਕਿਆ,'' ਉਹਦੇ ਮਾਂ ਪਿਓ ਨੂੰ ਨਹੀਂ। ਉਨ੍ਹਾਂ ਦਾ ਕੰਮ ਇਸ ਮਾਨਤਾ ਨੂੰ ਨਕਾਰਦਾ ਹੋਇਆ ਲਗਦਾ ਹੈ ਕਿ ਇਹ ਲੋਕ ਸਿਰਫ਼ ਜਿਗਿਆਸੂ ਗੈਰਕੌਮ ਸਨ ਜੋ ਮਸੀਹ ਦੀ ਭਾਲ ਵਿਚ ਆਏ ਸਨ। ਇਹ ਇਸ ਵਿਚਾਰ ਦੀ ਹਮਾਇਤ ਕਰਦਾ ਹੈ ਕਿ ਜਾਂ ਤਾਂ ਉਹ ਯਹੂਦੀ, ਯਹੂਦੀ ਮੁਰੀਦ ਜਾਂ ਖ਼ੁਦਾ ਦਾ ਭੈ ਮੰਨਣ ਵਾਲੇ ਲੋਕ ਸਨ।

ਪੁਰਾਣੇ ਜ਼ਮਾਨੇ ਵਿਚ ਰਾਜਿਆਂ ਨੂੰ **ਭੇਟ** ਚੜ੍ਹਾਉਣਾ ਆਮ ਗੱਲ ਸੀ। ਅਜਿਹੀਆਂ ਭੇਟਾਂ ਆਮ ਤੌਰ ਤੇ ਇਕ ਪੱਖ ਦੀ ਅਧੀਨਤਾ ਅਤੇ ਵੱਡੇ ਪੱਖ ਪ੍ਰਤੀ ਵਫ਼ਾਦਾਰੀ ਦਾ ਪ੍ਰਤੀਤ ਹੁੰਦੀ ਸੀ। ਇਸ ਕਰਕੇ ਪੰਡੀਤਾਂ ਵੱਲੋਂ ਲਿਆਂਦੇ ਗਏ ਤੋਹਫੇ ਇਸ ਗੱਲ ਦਾ ਸੰਕੇਤ ਹਨ ਕਿ ਉਹ ਸਿਰਫ਼ ਦਰਸ਼ਕ ਹੀ ਨਹੀਂ ਸੀ। ਇਨਾਮ ਲੈ ਜਾਣ ਵੇਲੇ ਵਰਤੇ ਜਾਣ ਵਾਲੇ ਬਰਤਣ ਸ਼ਾਇਦ ''ਸੰਦੂਕ'' ਨੂੰ ਆਖਿਆ ਗਿਆ ਹੈ (NRSV; NLT)। ਯੂਨਾਨੀ ਸ਼ਬਦ (*thēsauros*) ਭਾਵ ''ਸ਼ਬਦ ਭੰਡਾਰ'' ਦੇ ਅਰਥ ਵਾਲੇ ਅੰਗ੍ਰੇਜ਼ੀ ਸ਼ਬਦ ''thesaurus'' (ਸਮਾਨਾਂਤਰ ਕੋਸ਼) ਦੇ ਪਿੱਛੇ ਹੈ।

ਤਿੰਨਾਂ ਭੇਟਾਂ ਵਿਚ **ਸੋਨਾ ਅਤੇ ਲੁਬਾਨ ਅਤੇ ਗੰਧਰਸ** ਸਨ। ਸੋਨਾ ਆਮ ਤੌਰ ਤੇ ਰਾਜਿਆਂ ਨੂੰ ਦਿੱਤਾ ਜਾਣ ਵਾਲਾ ਤੋਹਫ਼ਾ ਹੁੰਦਾ ਸੀ (1 ਰਾਜਿਆਂ 10:2, 10; 2 ਇਤਿਹਾਸ 9:20–24; ਯਸਾਯਾਹ 60:9)। ''ਲੁਬਾਨ'' ਉਹ ਸ਼ਬਦ ਜਿਸ ਦਾ ਬੁਨਿਆਦੀ ਅਰਥ ''ਨਿਰੋਲ ਧੂਫ'' ਹੈ, ਦੱਖਣੀ ਅਰਬ ਦੀਆਂ ਗੰਧਕ ਦੀਆਂ ਚੱਟਾਨਾਂ ਵਿਚ ਆਮ ਤੌਰ ਤੇ ਹੋਣ ਵਾਲੇ *ਬੋਸਲੇਵੀਆ* ਨਸਲ ਦੇ ਪੌਧੇ ਦੀ ਝਾਲ ਦਾ ਧੂਫ਼ ਜਾਂ ਗੂੰਦ ਹੁੰਦੀ ਸੀ। ਜਲਾਉਣ ਤੇ ਇਸ ਦੀ ਮਿੱਠੀ ਅਤੇ ਖ਼ੁਸ਼ਬੂਦਾਰ ਮਹਿਕ ਕਰਕੇ ਇਸ ਨੂੰ ਖ਼ੁਦਾ ਦੀ ਬੰਦਗੀ ਵਿਚ ਭੇਟ ਕੀਤਾ ਜਾਂਦਾ ਸੀ (ਕੂਚ 30:8, 34–38)। ਇਸ ਦੀ ਵਰਤੋਂ ਦੇ ਹੋਰ ਵੀ ਤਰੀਕੇ ਸਨ, ਜਿਵੇਂ ਲਾਸ਼ ਨੂੰ ਲਾਏ ਜਾਣ ਵਾਲੇ ਮਸਾਲੇ ਦਾ ਲੇਪ, ਅਤੇ ਧੂਆਂ ਕਰਕੇ ਅਤੇ ਕੁਝ ਦੁਆਈਆਂ ਦੇ ਅਧਾਰ ਦੇ ਰੂਪ ਵਿਚ। ਗੰਧਰਸ ਜਾਂ ਮੁਰ ਧੂਫ਼ ਜਾਂ ਗੂੰਦ ਸੀ ਜੋ ਗੁਲਮਹਿੰਦੀ ਦੇ ਦਰਖ਼ਤ ਤੋਂ ਕੱਢਿਆ ਹੋ ਸਕਦਾ ਹੈ, ਇਹ ਵੀ ਅਰਬ ਵਿਚ ਹੁੰਦਾ ਸੀ। ਇਹ ਗੂੰਦ ਇਕ ਖ਼ੁਸ਼ਬੂਦਾਰ ਮਹਿਕ ਛੱਡਦੀ ਸੀ, ਜਿਸ ਦੀ ਵਰਤੋਂ ਕਈ ਵਾਰ ਬਿਸਤਰ ਨੂੰ ਮਹਿਕਾਉਣ (ਕਹਾਉਤਾਂ 7: 17) ਜਾਂ ਕੱਪੜਿਆਂ (ਜ਼ਬੂਰ 45:8) ਲਈ ਕੀਤੀ ਜਾਂਦੀ ਸੀ। ਇਹ ਕੁਝ ਕਿਸਮ ਦੀਆਂ ਧੂਪਾਂ ਵਿਚ ਪੈਂਦਾ ਸੀ ਅਤੇ ਮਸਹ ਦੇ ਤੇਲ ਦੇ ਰੂਪ ਵਿਚ ਵਰਤਿਆ ਜਾਂਦਾ ਸੀ (ਕੂਚ 30:23–25), ਇਸ ਦੇ ਇਲਾਵਾ ਇਸ ਦੀ ਵਰਤੋਂ ਲਾਸ਼ਾ ਤੇ ਮਲਣ ਲਈ ਵੀ ਕੀਤੀ ਜਾਂਦੀ ਸੀ (ਯੂਹੰਨਾ 19:39, 40)। ਮੈਹਕ ਨਾਲ ਮਿਲਾਉਣ ਤੇ ਇਸ ਦੀ ਵਰਤੋਂ ਬੇਹੋਸ਼ ਕਰਨ ਲਈ ਵੀ ਕੀਤੀ ਜਾਂਦੀ ਸੀ (ਮਰਕੁਸ 15:23) । ਲੂਈਸ ਨੇ ਕਿਹਾ ਕਿ ਅੱਜ ਭਾਵੇਂ ਗੰਧਰਸ ਜਾਂ ਮੁੱਰ ਅਤੇ ਲੁਬਾਨ ਮਹਿੰਗੇ ਨਹੀਂ ਹਨ, ਪਰ ਮਸੀਹ ਦੇ ਸਮੇਂ ਵਿਚ ਇਹ ਬਹੁਤ ਕੀਮਤੀ ਚੀਜ਼ਾਂ ਸਨ।[41]

**ਆਇਤ 12.** ਬੈਤਹਲਮ ਤੋਂ ਜਾਣ ਤੋਂ ਪਹਿਲਾਂ **ਜੋਤਸ਼ੀਆਂ** ਨੂੰ ਖ਼ੁਦਾ ਵੱਲੋਂ ਯਰੂਸ਼ਲਮ ਵਿਚ **ਹੇਰੋਦੇਸ ਦੇ ਕੋਲ ਫੇਰ ਨਾ ਜਾਣ** ਦੀ ਚਿਤਾਵਨੀ ਦਿੱਤੀ ਗਈ ਸੀ, ਕਿਉਂਕਿ ਉਹ ਨਹੀਂ ਚਾਹੁੰਦਾ ਸੀ

ਕਿ ਉਹ ਬਾਲਕ ਦਾ ਪਤਾ ਉਸ ਨੂੰ ਦੇਣ। ਜਿਸ ਕਰਕੇ ਉਹ ਹੋਰ ਰਸਤੇ ਆਪਣੇ ਦੇਸ਼ ਨੂੰ ਮੁੜ ਗਏ। ਖ਼ੁਦਾ ਆਮ ਤੌਰ ਤੇ ਪੁਰਾਣੇ ਅਤੇ ਨਵੇਂ ਦੋਹਾਂ ਨੇਮਾਂ ਵਿਚ ਲੋਕਾਂ ਨਾਲ ਗੱਲਬਾਤ ਦੇ ਮਾਧਿਅਮ ਦੇ ਰੂਪ ਦੇ ਵਿਚ ਸੁਪਨਿਆਂ ਦੀ ਵਰਤੋਂ ਕਰਦਾ ਸੀ।[42] ਕੁਝ ਲੋਕ ਇਹ ਦਸ ਦੇ ਹਨ ਕਿ ਖ਼ੁਦਾ ਅੱਜ ਵੀ ਸੁਪਨਿਆਂ ਰਾਹੀਂ ਗੱਲਬਾਤ ਕਰਦਾ ਹੈ। ਪੈਂਟੀਕਾਸਟ ਵਾਲੇ ਦਿਨ ਖ਼ੁਦਾ ਨੇ ਪਵਿੱਤਰ ਆਤਮਾ ਦੇ ਵਹਾਏ ਜਾਣ ਨੂੰ ਯੋਏਲ ਦੀ ਨਬੂਵਤ ਦੇ ਪੂਰਾ ਹੋਣ ਦੇ ਰੂਪ ਵਿਚ ਸਮਝਾਇਆ ਸੀ: ''ਅਤੇ ਤੁਹਾਡੇ ਪੁੱਤਰ ਅਰ ਤੁਹਾਡੀਆਂ ਧੀਆਂ ਅੰਗਮਵਾਕ ਕਰਨਗੇ, ਅਤੇ ਤੁਹਾਡੇ ਜਵਾਨ ਦਰਸ਼ਨ ਵੇਖਣਗੇ, ਅਤੇ ਤੁਹਾਡੇ ਬੁੱਢੇ ਸੁਪਨੇ ਵੇਖਣਗੇ'' (ਰਸੂਲਾਂ ਦੇ ਕੰਮ 2:17; ਵੇਖੋ ਯੋਏਲ 2:28)। ਸੁਪਨਿਆਂ ਦੇ ਰਾਹੀਂ ਗੱਲਬਾਤ ਕਰਨਾ ਜ਼ਾਹਿਰ ਹੈ ਕਿ ਪਹਿਲੀ ਸਦੀ ਦੀ ਕਲੀਸੀਆ ਦੇ ਮੋਅਜਜ਼ਿਆਂ ਦੇ ਯੁੱਗ ਦਾ ਭਾਗ ਉਵੇਂ ਹੀ ਸੀ ਜਿਵੇਂ ਨਬੂਵਤ ਅਤੇ ਦਰਸ਼ਨ ਸਨ। ਇਹ ਸਭ ਯਿਸੂ ਮਸੀਹ ਦਾ ਪੂਰਣ ਮੁਕਾਸ਼ਫ਼ਾ ਦਿੱਤੇ ਜਾਣ ਤੇ ਦੰਗ ਹੋ ਗਏ (ਵੇਖੋ 1 ਕੁਰਿੰਥਿਆਂ 13:8–10)। ਅੱਜ ਖ਼ੁਦਾ ਸਾਡੇ ਨਾਲ ਸਿਰਫ਼ ਆਪਣੇ ਪੁੱਤਰ ਦੇ ਰਾਹੀਂ ਅਤੇ ਸਿਰਫ਼ ਆਪਣੀ ਪ੍ਰੇਰਣਾ ਦੇ ਰਾਹੀਂ ਦਿੱਤੇ ਗਏ ਵਚਨ ਦੇ ਰਾਹੀਂ ਗੱਲ ਕਰਦਾ ਹੈ (ਇਬਰਾਨੀਆਂ 1:1, 2)।

~~~ **ਸਬਕ** ~~~

## ਮਸੀਹ ਦੀ ਜੋਤਸ਼ੀਆਂ ਵੱਲੋਂ ਖੋਜ (2:1-12)

ਮਸੀਹ ਦੀ ਤਲਾਸ਼ ਵਿਚ ਚੜ੍ਹਦੇ ਪਾਸਿਓਂ ਆਏ ਪੰਡਤ ਅੱਜ ਮਸੀਹ ਦੀ ਤਲਾਸ਼ ਕਰਨ ਵਾਲਿਆਂ ਦੇ ਨਾਲ ਨਾਲ ਉਸ ਨੂੰ ਹੋਰ ਨੇੜਿਉਂ ਮੰਨਣ ਦੀ ਇੱਛਾ ਕਰਨ ਵਾਲਿਆਂ ਲਈ ਇਕ ਵੱਡਾ ਨਮੂਨਾ ਹਨ।

*ਉਨ੍ਹਾਂ ਦੀ ਖੋਜ ਅਸਾਨ ਨਹੀਂ ਸੀ* (2:1)। ਉਨ੍ਹਾਂ ਪੰਡਤਾਂ ਦੇ ਅਰਬ ਤੋਂ, ਬੇਬੀਲੋਨ ਤੋਂ ਜਾਂ ਫ਼ਾਰਸ ਤੋਂ ਆਉਣ ਦੀ ਗੱਲ ਕਰੀਏ ਤਾਂ ਉਨ੍ਹਾਂ ਦਾ ਸਫ਼ਰ ਬਹੁਤ ਲੰਮਾ ਸੀ। ਉਹ ਯਰੂਸ਼ਲਮ ਵਿਚ ਆਉਂਦੇ ਹੋਏ ਉਪਜਾਊ ਇਲਾਕੇ ਵਿੱਚੋਂ ਦੀ ਘੁੰਮ ਕੇ ਆਏ ਹੋਣਗੇ। ਮਸੀਹ ਲਈ ਆਪਣੀ ਤਲਾਸ਼ ਵਿਚ ਉਨ੍ਹਾਂ ਨੇ ਆਪਣਾ ਸਮਾਂ, ਆਪਣਾ ਪੈਸਾ ਅਤੇ ਆਪਣੀ ਊਰਜਾ ਕੁਰਬਾਨ ਕਰ ਦਿੱਤੀ। ਅੱਜ ਯਿਸੂ ਦੀ ਖੋਜ ਕਰਨ ਵਾਲਿਆਂ ਨੂੰ ਮਿਲੇਗਾ ਕਿ ਅਸਲੀ ਸ਼ਗਿਰਦ ਬਣਨ ਲਈ ਇਸ ਤੋਂ ਘੱਟ ਗੱਲ ਬਣ ਨਹੀਂ ਸਕਦੀ (ਲੂਕਾ 9:23)।

*ਉਨ੍ਹਾਂ ਦੀ ਖੋਜ ਲਈ ਹਲੀਮੀ ਜ਼ਰੂਰੀ ਸੀ* (2:2)। ਯਰੂਸ਼ਲਮ ਵਿਚ ਪਹੁੰਚ ਕੇ ਉਨ੍ਹਾਂ ਪੰਡਤਾਂ ਨੇ ਪੁੱਛਿਆ ਕਿ ਨਵਜੰਮਿਆ ਰਾਜਾ ਕਿੱਥੇ ਰਹਿੰਦਾ ਹੈ। ਅੱਜ ਯਿਸੂ ਦੀ ਖੋਜ ਕਰਨ ਵਾਲਿਆਂ ਨੂੰ ਵੀ ਹਲੀਮੀ ਨਾਲ ਵਧੇਰੇ ਜਾਣਕਾਰੀ ਰੱਖਣ ਵਾਲਿਆਂ ਤੋਂ ਅਜਿਹੇ ਸਵਾਲ ਪੁੱਛਣੇ ਜ਼ਰੂਰੀ ਹਨ (ਵੇਖੋ ਰਸੂਲਾਂ ਦੇ ਕੰਮ 8:30, 31)।

*ਉਨ੍ਹਾਂ ਦੀ ਖੋਜ ਨੇ ਹਲਚਲ ਮਚਾ ਦਿੱਤੀ* (2:3)। ਪੰਡਤਾਂ ਵੱਲੋਂ ਪੁੱਛੇ ਗਏ ਸਵਾਲ ਨਾਲ ਰਾਜਾ ਪਰੇਸ਼ਾਨ ਹੋ ਗਿਆ, ਜਿਸ ਨੂੰ ਇਕ ਵਰੋਧੀ ਵਲੋਂ ਆਪਣੀ ਗੱਦੀ ਨੂੰ ਖਤਰਾ ਲੱਗਣ ਲਗ ਪਿਆ। ਇਸ ਨਾਲ ਲੋਕ ਵੀ ਪਰੇਸ਼ਾਨ ਹੋ ਗਏ ਜਿਹੜੇ ਹਾਲਾਤ ਉਵੇਂ ਹੀ ਰਹਿਣ ਦੇਣਾ ਚਾਹੁੰਦੇ ਸਨ, ਤਾਂ ਜੋ ਕਿਤੇ ਹੇਰੋਦੇਸ ਕੋਈ ਗੜਬੜ ਨਾ ਕਰ ਦੇਵੇ। ਇਸੇ ਤਰ੍ਹਾਂ ਅਜ ਜਦ ਕੋਈ ਯਿਸੂ ਦੀ ਖੋਜ ਕਰਦਾ ਹੈ ਤਾਂ ਆਪਣੀ ਜੀਵਨ ਸ਼ੈਲੀ ਤੋਂ ਸੰਤੁਸ਼ਟ ਦੂਜੇ ਲੋਕ ਕਈ ਵਾਰ ਪਰੇਸ਼ਾਨ ਹੋ ਜਾਂਦੇ ਹਨ। ਆਖ਼ਰ ਰੌਸ਼ਨੀ ਦਾ ਕੰਮ ਤਾਂ ਹਨੇਰੇ ਨੂੰ ਉਡਾਉਣਾ ਹੀ ਹੁੰਦਾ ਹੈ (ਅਫ਼ਸੀਆਂ 5:6–14)।

*ਉਨ੍ਹਾਂ ਦੀ ਖੋਜ ਵਚਨ ਉੱਤੇ ਨਿਰਭਰ ਸੀ* (2:4–6)। ਪੰਡਤਾਂ ਦੇ ਸਵਾਲ ਦਾ ਜਵਾਬ ਦੇਣ ਲਈ ਜਿਹੜਾ ਪੂਰੇ ਯਰੂਸ਼ਲਮ ਵਿਚ ਫ਼ੈਲ ਚੁੱਕਿਆ ਸੀ, ਹੇਰੋਦੇਸ ਨੇ ਯਹੂਦੀ ਆਗੂਆਂ ਤੋਂ ਸਲਾਹ ਲਈ। ਉਨ੍ਹਾਂ ਨੂੰ ਵਚਨ ਤੋਂ ਪਤਾ ਸੀ ਕਿ ਮਸੀਹ ਦਾ ਜਨਮ ਬੈਤਲਹਮ ਵਿਚ ਹੋਇਆ (ਮੀਕਾ 5:2)। ਅੱਜ
~~~

ਮਸੀਹ ਦੇ ਮਗਰ ਚੱਲਣ ਦੀ ਇੱਛਾ ਰੱਖਣ ਵਾਲਿਆਂ ਲਈ ਵਚਨ ਤੋਂ ਸਲਾਹ ਲੈਣੀ ਜ਼ਰੂਰੀ ਹੈ, ਜੋ ਉਸ ਦੀ ਗਵਾਹੀ ਦਿੰਦਾ ਹੈ (ਵੇਖੋ ਰਸੂਲਾਂ ਦੇ ਕੰਮ 17:11)।

*ਉਨ੍ਹਾਂ ਦੀ ਖੋਜ ਕਿਸੇ ਹੋਰ ਖੋਜ ਨਾਲ ਮਿਲਾਈ ਗਈ* (2:7, 8)। ਹੇਰੋਦੇਸ ਨੇ ਉਨ੍ਹਾਂ ਪੰਡਤਾਂ ਨੂੰ ਹੁਕਮ ਦਿੱਤਾ ਕਿ ਮਸੀਹ ਦੇ ਮਿਲ ਜਾਣ ਦੇ ਬਾਅਦ ਉਹ ਆ ਕੇ ਉਸ ਨੂੰ ਦੱਸਣ। ਬਹਾਨਾ ਕਰਦੇ ਹੋਏ ਉਸ ਨੇ ਆਖਿਆ ਕਿ ਉਹ ਵੀ ਨਵੇਂ ਰਾਜੇ ਨੂੰ ਸਜਦਾ ਕਰਨਾ ਦਾ ਚਾਹਵਾਨ ਹੈ। ਇਸੇ ਤਰ੍ਹਾਂ ਅੱਜ ਵੀ ਕਈ ਲੋਕ ਅਜਿਹੇ ਹਨ ਜਿਨ੍ਹਾਂ ਦਾ ਇਰਾਦਾ ਯਿਸੂ ਦੀ ਖੋਜ ਕਰਨ ਲਈ ਸਾਫ਼ ਨਹੀਂ ਹੈ (ਵੇਖੋ ਫ਼ਿਲਿਪਿਆਂ 1:17)।

*ਉਨ੍ਹਾਂ ਦੀ ਖੋਜ ਨਾਲ ਵੱਡਾ ਅਨੰਦ ਹੋਇਆ* (2:9, 10)। ਪੰਡਤਾਂ ਦੇ ਯਰੂਸ਼ਲਮ ਤੋਂ ਬੈਤਲਹਮ ਵੱਲ ਜਾਣ ਵੇਲੇ ਤਾਰਾ ਪਹਿਲਾਂ ਉਨ੍ਹਾਂ ਨੂੰ ਫੇਰ ਤੋਂ ਚੜ੍ਹਦੇ ਵੱਲ ਨਜ਼ਰ ਆਇਆ। ਇਹ ਜਾਣ ਕੇ ਕਿ ਉਹ ਉਸ ਥਾਂ ਦੇ ਨੇੜੇ ਆ ਰਹੇ ਹਨ ਜਿੱਥੇ ਬਾਲਕ ਨੂੰ ਰੱਖਿਆ ਗਿਆ ਸੀ, ਉਹ ਵੱਡੇ ਅਨੰਦ ਹੋਏ ਸਨ। ਯਿਸੂ ਦੀ ਖੋਜ ਕਰਨ ਵਾਲਾ ਬੰਦਾ ਜਦ ਬਪਤਿਸਮੇ ਦੇ ਪਾਣੀ ਵਿਚ ਖ਼ੁਦਾ ਦੀ ਸੰਤਾਨ ਬਣ ਜਾਂਦਾ ਹੈ, ਤਾਂ ਸਚਮੁਚ ਉਹਦੇ ਲਈ ਵੱਡਾ ਅਨੰਦ ਕਰਨ ਦਾ ਸਮਾਂ ਹੁੰਦਾ ਹੈ। (ਵੇਖੋ ਰਸੂਲਾਂ ਦੇ ਕੰਮ 8:35–39)। ਜ਼ਿੰਦਗੀ ਦੀਆਂ ਮੁਸ਼ਕਿਲਾਂ ਦੇ ਬਾਵਜੂਦ ਮਸੀਹੀ ਲੋਕਾਂ ਨੂੰ ਪ੍ਰਭੂ ਵਿਚ ਅਨੰਦ ਕਰਨ ਲਈ ਕਿਹਾ ਜਾਂਦਾ ਹੈ (ਫ਼ਿਲਿਪਿਆਂ 4:4–7)।

*ਉਨ੍ਹਾਂ ਦੀ ਖੋਜ ਰਾਜੇ ਨੂੰ ਮੱਥਾ ਟੇਕਣ ਨਾਲ ਪੂਰੀ ਹੋਈ* (2:11, 12)। ਬੈਤਹਲਮ ਵਿਚ ਘਰ ਵਿਚ ਵੜਨ ਤੇ ਪੰਡਤਾਂ ਨੇ ਸਭ ਤੋਂ ਪਹਿਲਾਂ ਜ਼ਮੀਨ ਤੇ ਨਿਊਂ ਕੇ ਯਿਸੂ ਨੂੰ ਸਿਜਦਾ ਕੀਤਾ। ਫਿਰ ਉਨ੍ਹਾਂ ਨੇ ਸੋਨਾ, ਮੁੱਰ ਅਤੇ ਲੋਬਾਨ ਦੇ ਆਪਣੇ ਕੀਮਤੀ ਤੋਹਫ਼ੇ ਭੇਂਟ ਕੀਤੇ। ਅੱਜ ਅਖ਼ੀਰ ਵਿਚ ਯਿਸੂ ਨੂੰ ਪਾ ਲੈਣ ਵਾਲੇ ਲੋਕ ਉਹਦੇ ਲਈ ਜੋ ਉਹ ਹੈ ਅਤੇ ਜੋ ਕੁਝ ਉਸ ਨੇ ਉਨ੍ਹਾਂ ਲਈ ਕੀਤਾ ਹੈ, ਮਸੀਹ ਦੀ ਵਡਿਆਈ ਕਰਦੇ ਹੋਏ ਆਪਣੀ ਬਾਕੀ ਜ਼ਿੰਦਗੀ ਬਿਤਾ ਦੇਣਗੇ (ਵੇਖੋ ਪ੍ਰਕਾਸ਼ ਦੀ ਪੋਥੀ 5:8–14)।

ਡੇਵਿਡ ਸਟਿਵਰਟ

## ਯਿਸੂ ਨੂੰ ਭਾਲਣ ਦੀ ਸਮਝ (2:1, 2)

ਯਿਸੂ ਦੇ ਜਨਮ ਦੇ ਬਾਅਦ ਤੋਂ ਹਰ ਸਮੂਹ ਦੇ ਪੰਡਤ ਭਾਵ ਸਿਆਣੇ ਪੁਰਖ ਅਤੇ ਔਰਤਾਂ ਉਸ ਦੀ ਖੋਜ ਕਰਦੇ ਆਏ ਹਨ। ਜੇ ਸਾਡੇ ਵਿਚ ਬੁੱਧ ਦੀ ਘਾਟ ਹੈ ਤਾਂ ਸਾਨੂੰ ਉਸ ਤੋਂ ਮੰਗਣੀ ਚਾਹੀਦੀ ਹੈ (7:7, 8; ਯਾਕੂਬ 1:5–8)।

ਯਿਸੂ ਨੂੰ ਭਾਲਣ ਲਈ ਖ਼ੁਦਾਈ ਅਗਵਾਈ ਦੀ ਲੋੜ ਹੈ। ਉਹ ਪੰਡਤ ਵਚਨ ਅਤੇ ਤਾਰੇ ਦੀ ਅਗਵਾਈ ਨਾਲ ਆਏ ਸਨ ਜਿਹੜਾ ਉਨ੍ਹਾਂ ਨੂੰ ਖ਼ਾਸ ਤੌਰ ਤੇ ਨਜ਼ਰ ਆਇਆ ਸੀ। ਉਹ ਗੁਮਰਾਹਕੁਨ ਭਾਵਲਾਵਾਂ ਦੇ ਰਾਹੀਂ ਭਾਵ ਆਪਣੀ ਹੀ ਸਮਝ ਜਾਂ ਮਨੁੱਖੀ ਬੁੱਧ ਦੇ ਰਾਹੀਂ ਨਹੀਂ ਆਏ ਸਨ।

ਅੱਜ ਸਾਨੂੰ ਵੀ ਖ਼ੁਦਾਈ ਅਗਵਾਈ ਭਾਵ ਖ਼ੁਦਾ ਦਾ ਵਚਨ ਦਿੱਤਾ ਗਿਆ ਹੈ (ਜ਼ਬੂਰ 119:105; ਯੂਹੰਨਾ 17:17; ਰਸੂਲਾਂ ਦੇ ਕੰਮ 20:32)। ਇਹ ਪੂਰਾ ਅਤੇ ਕਾਫ਼ੀ ਗਾਈਡ ਹੈ (ਵੇਖੋ 2 ਕੁਰਿੰਥੀਆਂ 3:5, 6; 2 ਤਿਮੋਥਿਉਸ 3:16, 17), ਅਤੇ ਸਾਨੂੰ ਖ਼ੁਦਾ ਦੀ ਨਜ਼ਰ ਵਿਚ ਪੂਰੇ ਹੋਣ ਲਈ ਪੂਰੀ ਤਰ੍ਹਾਂ ਨਾਲ ਇਸ ਨੂੰ ਅਪਣਾਉਣਾ ਪਵੇਗਾ।

## ਟਿੱਪਣੀਆਂ

[1]ਇਸ ਸਬੰਧ ਨੂੰ ਬਨਾਉਣ ਦੀ ਲੋੜ ਯੂਹਨਾ 7:40–44 ਵਿਚ ਬਹਿਸ ਤੋਂ ਸਪੱਸ਼ਟ ਹੁੰਦੀ ਹੈ। ਕੁਝ ਯਹੂਦੀਆਂ ਦਾ ਮੰਨਣਾ ਸੀ ਕਿ ਯਿਸੂ ''ਨਬੀ'' (ਮਸੀਹਾ) ਹੈ, ਪਰ ਹੋਰਨਾਂ ਨੇ ਇਸ ਤੱਥ ਦੇ ਆਧਾਰ ਤੇ ਇਸ ਵਿਚਾਰ ਕਰਨ ਤੋਂ ਮਨ੍ਹਾ ਕਰ ਦਿੱਤਾ ਕਿ ਯਿਸੂ ਗਲੀਲ ਤੋਂ ਹੈ। ਇਤਰਾਜ਼ ਕਰਨ ਵਾਲਿਆਂ ਦਾ ਲਿਖਤ ਵਿੱਚੋਂ ਇਹ ਤਰਕ ਸੀ ਕਿ ਮਸੀਹ ਨੇ ਬੈਤਲਹਮ ਤੋਂ ਆਉਣਾ ਹੈ। [2]ਯੂਸਬਿਯੁਸ *ਲਾਈਫ਼ ਆਫ਼ ਕਾਂਸਟੇਟਾਈਨ* 3.41–43. [3]ਜਸਟਿਨ ਮਾਰਟਿਰ *ਡਾਇਲਾਗ ਵਿਦ ਟ੍ਰਾਇਫ਼ੋ* 78; ਵੇਖੋ ਓਰੀਗਨ *ਅਗੇਂਸਟ ਸੇਲਸਸ* 1.51. [4]ਜੈਕ ਪੀ. ਲੁਈਸ, *ਦ ਗੌਸਪਲ ਅਕਾਰਡਿੰਗ ਟੂ ਮੈਥਿਊ,* ਪਾਰਟ 1, ਦ ਲਿਵਿੰਗ ਵਰਡ ਕਮੈਂਟਰੀ (ਆਸਟਿਨ, ਟੈਕਸਸ: ਸਵੀਟ ਪਬਲੀਸ਼ਿੰਗ ਕੰ., 1976), 46. [5]ਜੋਸੇਫ਼ਸ *ਐਂਟਿਕੁਇਟੀਜ਼* 14.9.2; 14.14.1–14.16.4. [6]ਆਰ. ਵੀ. ਜੀ. ਟਾਸਕਰ, *ਦ ਗੌਸਪਲ ਅਕਾਰਡਿੰਗ ਟੂ ਸੇਂਟ ਮੈਥਿਊ,* ਟਿੰਡੇਲ ਨਿਊ ਟੈਸਟਾਮੈਂਟ ਕਮੈਂਟਰੀਜ਼ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1975), 37. [7]ਲਿਓਨ ਮੌਰਿਸ, *ਦ ਗੌਸਪਲ ਅਕਾਰਡਿੰਗ ਟੂ ਮੈਥਿਊ*, ਪਿਲੱਰ ਕਮੈਂਟ੍ਰੀ (ਗੈਂਗ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1992), 35, ਏਨ. 6. [8]ਹੇਰੋਦੋਤਸ *ਹਿਸਟਰੀ* 1.101, 132, 140. [9]ਉਹੀ, 1.101; 3.61–119, 126–141, 150–160. [10]ਟਟੁਰਲਿਅਨ *ਅੰਗੇਸਟ ਮਾਸਿਰਅਨ* 3.13.

[11]ਵਿਲੀਅਮ ਹੈਂਡ੍ਰਿਕਸਨ, *ਨਿਊ ਟੈਸਟਾਮੈਂਟ ਕਮੈਂਟਰੀ: ਏਕਸਪੋਜਿਸ਼ਨ ਆਫ਼ ਦ ਗੌਸਪਲ ਅਕਾਰਡਿੰਗ ਟੂ ਮੈਥਿਊ* (ਗੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਉਸ, 1973), 152. [12]ਏਚ. ਲਿਓ ਬੋਲਸ, *ਏ ਕਮੈਂਟਰੀ ਆਨ ਦ ਗੌਸਪਲ ਅਕਾਰਡਿੰਗ ਟੂ ਮੈਥਿਊ* (ਨੈਸ਼ਵਿੱਲੇ: ਗੌਸਪਲ ਐਡਵੋਕੇਟ ਕੰ., 1936), 37. [13]ਜਸਟਿਨ *ਡਾਇਲਾਗ ਵਿਦ ਟ੍ਰਾਇਫ਼ੋ* 106. [14]ਕਲੇਮੈਂਟ ਆਫ਼ ਅਲਗਜ਼ੈਂਡਰੀਆ *ਸਟ੍ਰੋਮੇਟਾ,* 1.15; ਕ੍ਰਿਸੋਸਟੋਮ *ਹੋਮਿਲੀ ਆਨ ਦ ਗੌਸਪਲ ਅਕਾਰਡਿੰਗ ਟੂ ਸੇਂਟ ਮੈਥਿਊ* 7.1. [15]ਪੱਛਮੀ ਕਲੀਸੀਆ ਵਿਚ ''ਏਪੀਫ਼ੇਨੀ'' ਚੌਥੀ ਸਦੀ ਤੋਂ ਮਨਾਇਆ ਜਾਂਦਾ ਹੈ। ਇਹ ''ਜੋਤਸ਼ੀਆਂ ਦੇ ਗੈਰਕੌਮਾਂ ਵਿਚ ਮਸੀਹ ਦੇ ਪਰਦਰਸ਼ਨ ਦੀ ਯਾਦਗਾਰ ਹੈ'' (ਅਲਿਜ਼ਬਥ ਏ. ਲਿਵਿੰਗਸਟੋਨ, ਸੰਪਾ., *ਦ ਕੰਸਾਈਜ਼ ਆਕਸਫ਼ੋਰਡ ਡਿਕਸ਼ਨਰੀ ਆਫ਼ ਦ ਕ੍ਰਿਸਚਿਅਨ ਚਰਚ* [ਨਿਊ ਯਾਰਕ: ਆਕਸਫ਼ੋਰਡ ਯੂਨੀਵਰਸਿਟੀ ਪ੍ਰੈਸ, 1977], 175)। [16]ਡਗਲਸ ਆਰ. ਏ. ਹੇਅਰ, *ਮੈਥਿਊ,* ਇੰਟਰਪ੍ਰਿਟੇਸ਼ਨ (ਲੂਈਸਵਿਲੇ: ਜੌਨ ਨੌਕਸ ਪ੍ਰੈਸ, 1993), 13. [17]ਲੂਈਸ ਨੇ ਲਿਖਿਆ ਹੈ, ''ਪ੍ਰਿਸਕਿੱਲਾ ਕਬਰਿਸਤਾਨ ਦੇ 'ਕੈਪੇਲਾ ਗ੍ਰੇਸਾ' ਵਿਚ ਸਭ ਤੋਂ ਪੁਰਾਣੇ ਵੇਰਵੇ ਵਿਚ ਤਿੰਨ ਵਿਖਾਏ ਜਾਂਦੇ ਹਨ। ਪਤਰਸ ਅਤੇ ਮਾਰਸੇਲੇਨੁਸ ਦੇ ਕਬਰਿਸਤਾਨ ਦੀ ਇਕ ਬਾਅਦ ਵਾਲੀ ਪੇਂਟਿੰਗ ਵਿਚ ਦੋ ਆਦਮੀ ਵਿਖਾਏ ਜਾਂਦੇ ਹਨ'' (ਲੂਈਸ, 44)। [18]*ਐਕਸਰਪਟਾ ਲੇਟੀਨਾ ਬਾਰਬਰੀ* 51ਬੀ. [19]ਡੋਨਲਡ ਏ. ਹੈਗਨਰ, *ਮੈਥਿਊ 1–13*, ਵਰਡ ਬਿਬਲੀਕਲ ਕਮੈਂਟਰੀ, ਜਿਲਦ 33ਏ (ਡਲਾਸ: ਵਰਡ ਬੁਕਸ, 1993), 27. [20]ਸਿਊਟੋਨਿਉਸ *ਵੈਸਪੇਸੀਅਨ* 4.5; ਟੇਸਿਟੁਸ *ਐਨਲਸ,* 5.13.

[21]ਲੂਈਸ, 44. [22]ਡਬਲਯੂ. ਐਫ਼. ਅਲਬ੍ਰਾਈਟ ਐਂਡ ਸੀ. ਐਫ਼. ਮੰਨ, *ਮੈਥਿਊ,* ਦ ਐਂਕਰ ਬਾਈਬਲ (ਗਾਰਡਨ ਸਿਟੀ, ਨਿਊ ਯਾਰਕ: ਡਬਲਡੇ ਐਂਡ ਕੰ., 1971), 12. [23]ਹੈਗਨਰ, 25–26. ਉਸ ਨੇ ਸਿਕੰਦਰ ਮਹਾਨ, ਮਿਥਰੀਡੇਟਸ, ਅਤੇ ਸਿਕੰਦਰ ਸਿਬਰੁਸ ਦੀਆਂ ਉਦਾਹਰਣਾਂ ਦਿੱਤੀਆਂ। (ਵੇਖੋ ਸਿਸੇਰੋ *ਆਨ ਡਿਵਾਈਨੇਸ਼ਨ* 1.23.47; ਜਸਟਿਨ *ਹਿਸਟਰੀ* 37.2; ਲੈਂਪਰੀਡਿਯੁਸ *ਅਲਗਜ਼ੈਂਡਰ ਸਵੇਰਸ* 12; ਓਰੀਗਨ *ਅਗੇਂਸਟ ਸੈਲਸਸ* 1.59.) [24]*ਡੇਮਸਕਸ ਰੂਲ* 7.19, 20; *ਵਾਰ ਰੂਲ* 11.6; *ਟੈਸਟਾਮੈਂਟ ਆਫ਼ ਲੇਵੀ* 18.3; *ਟੈਸਟਾਮੈਂਟ ਆਫ਼ ਜਿਊਡਾਹ* 24.1. 132–135 ਈਸਵੀ ਦੀ ਯਹੂਦੀਆਂ ਦੀ ਬਗ਼ਾਵਤ ਵਿਚ, ਬਾਰ ਕੋਸੱਬਤ (ਸ਼ਾਇਦ ''ਛੋਟੇ ਰਾਮ ਦਾ ਪੁੱਤਰ'') ਨੇ ਆਪਣਾ ਨਾਮ ਬਦਲ ਕੇ ਬਾਰ ਕੋਖ਼ਬਾ (''ਤਾਰੇ ਦਾ ਪੁੱਤਰ'') ਰੱਖ ਲਿਆ। [25]ਜਸਟਿਨ *ਡਾਇਲਾਗ ਵਿਦ ਟ੍ਰਾਇਫ਼ੋ* 106; ਇਰੇਨਿਉਸ *ਅਗੇਂਸਟ ਹੇਅਰਸੀਸ* 3.9.2; ਓਰੀਗਨ *ਅਗੇਂਸਟ ਸੈਲਸਸ* 1.58–59. ਵੇਖੋ 2 ਪਤਰਸ 1:19; ਪ੍ਰਕਾਸ਼ ਦੀ ਪੋਥੀ 22:16.

[26]ਕੋਲਿਨ ਹੰਫ੍ਰੇਜ਼, ''ਦ ਸਟਾਰ ਆਫ਼ ਬੈਥਲਹਮ'' *ਸਾਇੰਸ ਐਂਡ ਕ੍ਰਿਸਚਿਅਨ ਬਿਲੀਫ਼* 5 (1995): 83–101. [27]ਵਿਲੀਅਮ ਬਾਰਕਲੇ, *ਦ ਗੌਸਪਲ ਆਫ਼ ਮੈਥਿਊ,* ਅੰਕ 1, ਜਿਲਦ 2ਜੀ, ਦ ਡੇਅਲੀ ਸਟੱਡੀ ਬਾਈਬਲ (ਫ਼ਿਲਾਡੈਲਫ਼ੀਆ: ਵੈਸਮਿੰਸਟਰ ਪ੍ਰੈਸ, 1958), 17. [28]ਜੌਨ ਮੈਕਾਥਰ, ਜੂਨੀ., *ਦ ਮੈਕਾਰਥਰ ਨਿਊ ਟੈਸਟਾਮੈਂਟ ਕਮੈਂਟਰੀ: ਮੈਥਿਊ 1–7* (ਸ਼ਿਕਾਗੋ: ਮੂਡੀ ਪ੍ਰੈੱਸ, 1985), 29. [29]ਵਾਲਟਰ ਬਾਊਰ, *ਏ ਗ੍ਰੀਕ–ਇੰਗਲਿਸ਼ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸਚਿਅਨ ਲਿਟਰੇਚਰ,* ਜਿਲਦ 3, ਸੋਧ ਅਤੇ ਸੰਪਾਦਨ ਫ੍ਰੈਡ੍ਰਿਕ ਡਬਲਯੂ. ਡੈਂਕਰ (ਸ਼ਿਕਾਗੋ: ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈੱਸ, 2000), 882. [30]ਮੈਕਾਥਰ, 31.

[31]ਮੌਰਿਸ, 37. [32]ਹੈਗਨਰ, 28. [33]ਲੂਈਸ, 45; ਵੇਖੋ ਜੋਸੇਫ਼ਸ *ਐਂਟੀਕੁਇਟੀਜ਼* 20.10.1. [34]ਜੋਆਕਿਮ ਜਿਰਮਿਆਸ, *ਜਰੂਸਲੇਮ ਇਨ ਦ ਟਾਈਮ ਆਫ਼ ਜੀਜ਼ਸ,* ਅਨੁ. ਐਫ਼. ਐੱਚ. ਐਂਡ ਸੀ. ਐਚ. ਕੇਵ (ਫ਼ਿਲਾਡੈਲਫ਼ੀਆ: ਫ਼ੋਰਟਰੈੱਸ ਪ੍ਰੈੱਸ, 1969), 180. [35]ਰੌਬਰਟ ਐੱਚ. ਗੁੰਡਰੀ, *ਮੈਥਿਊ: ਏ ਕਮੈਂਟਰੀ ਆਨ ਹਿਜ਼ ਲਿਟਰੇਰੀ ਐਂਡ ਥਿਓਲੋਜੀਕਲ ਆਰਟ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1982), 29. [36]ਆਰ. ਟੀ. ਫ਼੍ਰਾਂਸ, *ਦ ਗੌਸਪਲ ਅਕਾਰਡਿੰਗ ਟੂ ਮੈਥਿਊ,* ਦ ਟਿੰਡੇਲ ਨਿਊ ਟੈਸਟਾਮੈਂਟ ਕਮੈਂਟਰੀਜ਼ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰ., 1985), 83. [37]ਬਾਰਕਲੇ, 21. [38]ਫ੍ਰਾਂਸਿਸ, 84. [39]ਹੈਂਡ੍ਰਿਕਸਨ, 170. [40]ਲੂਈਸ, 47.

[41]ਉਹੀ, 48. [42]ਵੇਖੋ ਉਤਪਤ 20:3–7; 28:10–17; 31:10–13, 24; 37:5–11; 40:1–23; 41:1–36; ਨਿਆਈਆਂ 7:13–15; ਅੱਯੂਬ 33:14–16; ਦਾਨੀਏਲ 2; 7; ਮੱਤੀ 1:20, 21; 2:13–15, 22, 23; 27:19.